
Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 300 20/04/2026 www.samajweekly.com samajweekly @samajweekly samajweekly

# ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਬਿੱਲ ਰਾਜਪਾਲ ਦੀ ਪ੍ਰਵਾਨਗੀ ਤੋਂ ਬਾਅਦ ਬਣਿਆ ਕਾਨੂੰਨ




**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਨੂੰ ਐਲਾਨ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਪੰਜਾਬ ਵਿਧਾਨ ਸਭਾ ਵਿੱਚ ਪਾਸ ਕੀਤਾ ਗਿਆ ਬਿੱਲ ਹੁਣ ਰਾਜਪਾਲ ਦੀ ਪ੍ਰਵਾਨਗੀ ਮਿਲਣ ਤੋਂ ਬਾਅਦ ਅਧਿਕਾਰਤ ਤੌਰ 'ਤੇ ਕਾਨੂੰਨ ਬਣ ਗਿਆ ਹੈ। ਇਹ ਪਵਿੱਤਰ ਗ੍ਰੰਥ ਦੀ ਮਰਿਆਦਾ ਦੀ ਰਾਖੀ ਲਈ ਇੱਕ ਮਹੱਤਵਪੂਰਨ ਵਿਧਾਨਕ ਕਦਮ ਹੈ।

ਐਕਸ 'ਤੇ ਇੱਕ ਪੋਸਟ ਵਿੱਚ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਵਿਧਾਨ ਸਭਾ ਵਿੱਚ ਪਾਸ ਕੀਤੇ ਬਿੱਲ 'ਤੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਦਸਤਖ਼ਤ ਕਰ ਦਿੱਤੇ ਹਨ। ਹੁਣ ਇਹ ਬਿੱਲ ਕਾਨੂੰਨ ਬਣ ਗਿਆ ਹੈ। ਮੈਂ ਵਾਹਿਗੁਰੂ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਨੇ ਇਸ ਨਿਮਾਣੇ ਸੇਵਕ ਨੂੰ ਅਜਿਹੀ ਸੇਵਾ ਬਖਸ਼ੀ। ਸਮੁੱਚੀ ਸੰਗਤ ਦਾ ਤਹਿ ਦਿਲੋਂ ਧੰਨਵਾਦ।" ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਇਸ ਵਿਕਾਸ ਨੂੰ ਸਾਰਿਆਂ ਲਈ "ਬੇਹੱਦ ਸ਼ੁਭ ਅਤੇ ਇਤਿਹਾਸਕ ਪਲ" ਕਰਾਰ ਦਿੱਤਾ। ਉਨ੍ਹਾਂ ਕਿਹਾ, "ਇਹ ਸਾਰਿਆਂ ਲਈ ਬਹੁਤ ਹੀ ਸ਼ੁਭ ਅਤੇ ਇਤਿਹਾਸਕ ਪਲ ਹੈ। ਵਿਸਾਖੀ ਦੇ ਮੌਕੇ 'ਤੇ 13 ਅਪ੍ਰੈਲ ਨੂੰ ਪਾਸ ਕੀਤਾ ਗਿਆ ਬਿੱਲ ਹੁਣ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਐਕਟ, 2026' ਵਜੋਂ ਲਾਗੂ ਹੋ ਗਿਆ ਹੈ। ਮੈਂ ਨਾ ਸਿਰਫ਼ ਸਿੱਖਾਂ ਨੂੰ, ਸਗੋਂ ਉਨ੍ਹਾਂ ਸਾਰੇ ਧਰਮਾਂ ਦੇ ਲੋਕਾਂ ਨੂੰ ਵਧਾਈ ਦਿੰਦਾ ਹਾਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਰਧਾ ਰੱਖਦੇ ਹਨ, ਕਿਉਂਕਿ ਇਹ ਕਾਨੂੰਨ ਕਰੋੜਾਂ ਲੋਕਾਂ ਦੇ ਸਾਂਝੇ ਵਿਸ਼ਵਾਸ ਅਤੇ ਭਾਵਨਾਵਾਂ ਦੀ ਤਰਜਮਾਨੀ ਕਰਦਾ ਹੈ।" ਕੈਬਨਿਟ ਮੰਤਰੀ ਬਲਜੀਤ ਕੌਰ ਨੇ ਕਿਹਾ, "ਇਹ ਇੱਕ ਭਾਗਾਂ ਵਾਲਾ ਅਤੇ ਇਤਿਹਾਸਕ ਦਿਨ ਹੈ। ਇਹ ਕਾਨੂੰਨ ਉਨ੍ਹਾਂ ਲੋਕਾਂ ਵਿਰੁੱਧ ਇੱਕ ਸਖ਼ਤ ਰੋਕ ਵਜੋਂ ਕੰਮ ਕਰੇਗਾ ਜੋ ਸਮਾਜ ਵਿੱਚ ਵੰਡ ਪਾਉਣ ਦੇ ਇਰਾਦੇ ਨਾਲ ਬੇਅਦਬੀ ਦੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਸਨ। ਮਾਨ ਸਰਕਾਰ ਨੇ ਉਹ ਕਰ ਦਿਖਾਇਆ ਹੈ ਜੋ ਪਿਛਲੀਆਂ ਸਰਕਾਰਾਂ ਪੰਥਕ ਕਦਰਾਂ-ਕੀਮਤਾਂ ਦੇ ਰਾਖੇ ਹੋਣ ਦਾ ਦਾਅਵਾ ਕਰਨ ਦੇ ਬਾਵਜੂਦ ਵੀ ਹਾਸਲ ਕਰਨ ਵਿੱਚ ਅਸਫਲ ਰਹੀਆਂ ਸਨ। ਇਹ ਕਾਨੂੰਨ ਸਖ਼ਤ ਸਜ਼ਾ ਯਕੀਨੀ ਬਣਾਏਗਾ ਅਤੇ ਧਰਮ ਦੇ ਨਾਂ 'ਤੇ ਨਫ਼ਰਤ ਫੈਲਾਉਣ ਦੀਆਂ ਕੋਸ਼ਿਸ਼ਾਂ ਨੂੰ ਰੋਕ ਕੇ ਫਿਰਕੂ ਸਦਭਾਵਨਾ ਨੂੰ ਉਤਸ਼ਾਹਿਤ ਕਰੇਗਾ।" ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ ਨੇ ਕਿਹਾ, "ਪੰਜਾਬ ਲਈ ਇਹ ਇੱਕ ਇਤਿਹਾਸਕ ਦਿਨ ਹੈ। ਵਿਧਾਨ ਸਭਾ ਵਿੱਚ ਇਹ ਬਿੱਲ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਸੀ ਅਤੇ ਹੁਣ ਇਸ ਨੂੰ ਰਾਜਪਾਲ ਦੀ ਮਨਜ਼ੂਰੀ ਮਿਲ ਗਈ ਹੈ। ਮੈਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਦਲੇਰੀ ਅਤੇ ਇਮਾਨਦਾਰੀ ਨਾਲ ਇਹ ਬਿੱਲ ਪੇਸ਼ ਕਰਨ ਦਾ ਸਿਹਰਾ ਦਿੰਦਾ ਹਾਂ ਅਤੇ ਮੈਨੂੰ ਉਮੀਦ ਹੈ ਕਿ ਕਾਨੂੰਨ ਦੀਆਂ ਸਖ਼ਤ ਵਿਵਸਥਾਵਾਂ ਬੇਅਦਬੀ ਦੀਆਂ ਘਟਨਾਵਾਂ ਨੂੰ ਪੂਰੀ ਤਰ੍ਹਾਂ ਰੋਕ ਦੇਣਗੀਆਂ, ਕਿਉਂਕਿ ਦੋਸ਼ੀ ਹੁਣ ਅਜਿਹੀ ਹਰਕਤ ਕਰਨ ਤੋਂ ਪਹਿਲਾਂ ਕਈ ਵਾਰ ਸੋਚਣਗੇ।" ਐਮਪੀ ਮਾਲਵਿੰਦਰ ਸਿੰਘ ਕੰਗ ਨੇ ਕਿਹਾ, "ਇਹ ਕਾਨੂੰਨ ਬੇਅਦਬੀ ਵਿਰੁੱਧ ਸਖ਼ਤ ਸਜ਼ਾ ਦੀ ਦੁਨੀਆ ਭਰ ਦੇ ਸਿੱਖਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਹ ਅਜਿਹੀਆਂ ਕੋਸ਼ਿਸ਼ਾਂ ਕਰਨ ਵਾਲਿਆਂ ਵਿੱਚ ਡਰ ਪੈਦਾ ਕਰੇਗਾ ਅਤੇ ਇਨਸਾਫ਼ ਯਕੀਨੀ ਬਣਾਏਗਾ। ਮੈਂ ਵਾਹਿਗੁਰੂ ਅਤੇ ਮਾਨ ਸਰਕਾਰ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਇੱਕ ਮਜ਼ਬੂਤ ਕਾਨੂੰਨੀ ਢਾਂਚੇ ਵਿੱਚ ਬਦਲਿਆ ਹੈ।" 'ਆਪ' ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਇਸ ਨੂੰ ਦੁਨੀਆ ਭਰ ਦੇ ਸਿੱਖਾਂ ਲਈ ਮਾਣ ਵਾਲੀ ਗੱਲ ਦੱਸਦਿਆਂ ਭਾਰੀ ਖੁਸ਼ੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ, "ਇਹ ਦੁਨੀਆ ਭਰ ਦੇ ਸਿੱਖਾਂ ਲਈ ਮਾਣ ਵਾਲਾ ਪਲ ਹੈ। ਇਹ ਕਾਨੂੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਿਹਤਰ ਸੁਰੱਖਿਆ ਯਕੀਨੀ ਬਣਾਏਗਾ। ਮੈਂ ਦੁਨੀਆ ਭਰ ਦੀ ਸਿੱਖ ਸੰਗਤ ਨੂੰ ਵਧਾਈ ਦਿੰਦਾ ਹਾਂ ਅਤੇ ਇਸ ਨੂੰ ਸੰਭਵ ਬਣਾਉਣ ਲਈ ਮੁੱਖ ਮੰਤਰੀ ਅਤੇ ਰਾਜਪਾਲ ਦਾ ਧੰਨਵਾਦ ਕਰਦਾ ਹਾਂ।" ਇਸੇ ਤਰ੍ਹਾਂ ਦੇ ਵਿਚਾਰ ਪ੍ਰਗਟ ਕਰਦਿਆਂ ਪਾਰਟੀ ਆਗੂਆਂ ਨੇ ਕਿਹਾ ਕਿ ਇਸ ਕਾਨੂੰਨ ਦੇ ਲਾਗੂ ਹੋਣ ਨਾਲ ਇਹ ਸਪੱਸ਼ਟ ਸੰਦੇਸ਼ ਜਾਂਦਾ ਹੈ ਕਿ ਕਿਸੇ ਵੀ ਕੀਮਤ 'ਤੇ ਬੇਅਦਬੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਕਾਨੂੰਨ ਧਾਰਮਿਕ ਸਦਭਾਵਨਾ ਦੀ ਰਾਖੀ ਕਰੇਗਾ ਅਤੇ ਸਾਰੇ ਪਵਿੱਤਰ ਗ੍ਰੰਥਾਂ ਦੀ ਮਰਿਆਦਾ ਨੂੰ ਬਹਾਲ ਰੱਖੇਗਾ।

ਆਮ ਆਦਮੀ ਪਾਰਟੀ ਦੇ ਜਨਰਲ ਸਕੱਤਰ ਅਤੇ ਟੂਰਿਜ਼ਮ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਕਿਹਾ ਕਿ ਅੱਜ ਕਿਹਾ ਕਿ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਬੇਅਦਬੀ ਵਿਰੋਧੀ ਬਿੱਲ 'ਤੇ ਮਾਨਯੋਗ ਰਾਜਪਾਲ ਸਾਹਿਬ ਨੇ ਦਸਤਖ਼ਤ ਕਰ ਦਿੱਤੇ ਹਨ, ਜਿਸ ਨਾਲ ਇਹ ਬਿੱਲ ਹੁਣ ਕਾਨੂੰਨ ਦਾ ਰੂਪ ਧਾਰਨ ਕਰ ਗਿਆ ਹੈ। ਦੀਪਕ ਬਾਲੀ ਨੇ ਕਿਹਾ ਕਿ ਇਹ ਪੰਜਾਬ ਲਈ ਇਤਿਹਾਸਿਕ ਦਿਨ ਹੈ ਅਤੇ ਇਹ ਕਾਨੂੰਨ ਸਾਡੀਆਂ ਧਾਰਮਿਕ ਭਾਵਨਾਵਾਂ ਅਤੇ ਗੁਰੂ ਸਾਹਿਬਾਨ ਦੀ ਸ਼ਾਨ ਨੂੰ ਬਰਕਰਾਰ ਰੱਖਣ ਦੀ ਦਿਸ਼ਾ ਵਿੱਚ ਇੱਕ ਵੱਡਾ ਬਦਲਾਅ ਹੈ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਸੇ ਵੀ ਤਰੀਕੇ ਨਾਲ ਬੇਅਦਬੀ ਹੁਣ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਉਨ੍ਹਾਂ ਤਿੱਖੇ ਸ਼ਬਦਾਂ ਵਿੱਚ ਕਿਹਾ ਕਿ ਪੰਥ ਦੇ ਨਾਂ 'ਤੇ ਵੋਟਾਂ ਲੈ ਕੇ ਅਤੇ ਸਰਕਾਰਾਂ ਬਣਾ ਕੇ ਕਿਸੇ ਵੀ ਅਖੌਤੀ ਪੰਥਕ ਪਾਰਟੀ ਨੇ ਇਸ ਤਰ੍ਹਾਂ ਦਾ ਕਾਨੂੰਨ ਕਦੇ ਨਹੀਂ ਘੜਿਆ। ਆਮ ਆਦਮੀ ਪਾਰਟੀ ਨੇ ਇਹ ਸਾਬਿਤ ਕੀਤਾ ਹੈ ਕਿ ਉਹ ਗੁਰੂ ਸਾਹਿਬਾਨ ਦੀ ਸ਼ਾਨ ਲਈ ਸਖ਼ਤ ਤੋਂ ਸਖ਼ਤ ਕਾਨੂੰਨ ਬਣਾਉਣ ਤੋਂ ਨਹੀਂ ਝਿਜਕਦੀ। ਅੰਤ ਵਿੱਚ ਉਨ੍ਹਾਂ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਅਤੇ ਉਨ੍ਹਾਂ ਦੀ ਪੂਰੀ ਟੀਮ ਨੂੰ ਵਧਾਈ ਦਿੱਤੀ।

# ਰੋਪੜ ਦੇ 7 ਸਾਲਾ ਤੇਗਬੀਰ ਨੇ ਰਚਿਆ ਇਤਿਹਾਸ, ਨੇਪਾਲ ਦਾ ਅੰਨਪੂਰਨਾ ਸਰਕਟ ਕੀਤਾ ਫ਼ਤਿਹ

## ਸਿਰਫ਼ 7 ਸਾਲ 6 ਮਹੀਨੇ ਦੀ ਉਮਰ ਵਿਚ ਇਸ ਮੁਸ਼ਕਲ ਟਰੈਕ ਨੂੰ ਪੂਰਾ ਕਰਨ ਵਾਲਾ ਸੱਭ ਤੋਂ ਛੋਟਾ ਵਿਅਕਤੀ ਬਣਿਆ



**ਰੂਪਨਗਰ** ।ਰੋਪੜ ਦੇ ਸੱਤ ਸਾਲਾ ਤੇਗਬੀਰ ਸਿੰਘ ਨੇ ਨੇਪਾਲ ਦੇ ਅੰਨਪੂਰਨਾ ਸਰਕਟ ਦੇ ਸੱਭ ਤੋਂ ਉੱਚੇ ਬਿੰਦੂ ਥੋਰੋਂਗ ਲਾ ਪਾਸ (5416 ਮੀਟਰ/17769 ਫੁੱਟ) ਨੂੰ ਪਾਰ ਕਰ ਕੇ ਵਿਸ਼ਵ ਪੱਧਰ 'ਤੇ ਇਤਿਹਾਸ ਰਚ ਦਿਤਾ ਹੈ। ਉਹ ਸਿਰਫ਼ 7 ਸਾਲ 6 ਮਹੀਨੇ ਦੀ ਉਮਰ ਵਿਚ ਇਸ ਮੁਸ਼ਕਲ ਟਰੈਕ ਨੂੰ ਪੂਰਾ ਕਰਨ ਵਾਲਾ ਸੱਭ ਤੋਂ ਛੋਟਾ ਵਿਅਕਤੀ ਬਣ ਗਿਆ ਹੈ। ਲਗਭਗ 230 ਕਿਲੋਮੀਟਰ ਲੰਬੇ ਇਸ ਉਚਾਈ ਵਾਲੇ ਟਰੈਕ ਨੂੰ ਤੇਗਬੀਰ ਨੇ 11 ਅਪ੍ਰੈਲ ਨੂੰ ਸ਼ੁਰੂ ਕੀਤਾ ਅਤੇ 18 ਅਪ੍ਰੈਲ ਨੂੰ ਸਫ਼ਲਤਾਪੂਰਵਕ ਥੋਰੋਂਗ ਲਾ ਪਾਸ ਤਕ ਪਹੁੰਚ ਗਿਆ। ਮਾਈਨਸ ਤਾਪਮਾਨ (ਲਗਭਗ -8 ਤੋਂ -13 ਡਿਗਰੀ ਸੈਲਸੀਅਸ), ਘੱਟ ਆਕਸੀਜਨ ਅਤੇ ਤੇਜ਼ ਹਵਾਵਾਂ ਵਰਗੀਆਂ ਮੁਸ਼ਕਲ ਚੁਨੌਤੀਆਂ ਦੇ ਬਾਵਜੂਦ ਉਸ ਨੇ ਇਹ ਕਾਰਨਾਮਾ ਅੰਜਾਮ ਦਿਤਾ। ਅਪਣੀ ਖ਼ੁਸ਼ੀ ਜ਼ਾਹਰ ਕਰਦਿਆਂ ਤੇਗਬੀਰ ਨੇ ਕਿਹਾ ਕਿ ਮੈਂ ਇਸ ਲਈ ਤਿਆਰੀ ਕੀਤੀ ਸੀ। ਇਹ ਲੰਮਾ ਤੇ ਔਖਾ ਸੀ, ਪਰ ਅਖ਼ੀਰਕਾਰ ਮੈਂ ਉਥੇ ਪਹੁੰਚ ਗਿਆ ਅਤੇ ਅਪਣੇ ਪਿਤਾ ਨਾਲ ਤਸਵੀਰ ਖਿੱਚਵਾਈ।” ਤੇਗਬੀਰ ਸਿੰਘ ਸ਼ਿਵਾਲਿਕ ਪਬਲਿਕ ਸਕੂਲ, ਰੋਪੜ ਵਿਚ ਤੀਜੀ ਜਮਾਤ ਦਾ ਵਿਦਿਆਰਥੀ ਹੈ। ਉਸ ਨੇ ਦੁਬਈ ਦੇ ਇਵਾਨ ਕ੍ਰਿਸ਼ਕੋਵ ਵਲੋਂ ਅਪ੍ਰੈਲ 2025 ਵਿਚ ਬਣਾਏ ਗਏ 7 ਸਾਲ 10 ਮਹੀਨੇ ਦੇ ਪਿਛਲੇ ਰਿਕਾਰਡ ਨੂੰ ਪਿੱਛੇ ਛੱਡ ਦਿਤਾ। ਇਸ ਤੋਂ ਪਹਿਲਾਂ ਵੀ ਤੇਗਬੀਰ ਕਈ ਵਿਸ਼ਵ ਪਧਰੀ ਉਪਲਬਧੀਆਂ ਹਾਸਲ ਕਰ ਚੁੱਕਾ ਹੈ। ਜੂਨ 2025 ਵਿਚ ਉਹ 6 ਸਾਲ 7 ਮਹੀਨੇ ਦੀ ਉਮਰ ਵਿਚ ਮਾਊਂਟ ਐਲਬਰਸ ਸਰ ਕਰਨ ਵਾਲਾ ਸੱਭ ਤੋਂ ਛੋਟਾ ਵਿਅਕਤੀ ਬਣਿਆ, ਜਦਕਿ ਅਗੱਸਤ 2024 ਵਿਚ ਮਾਊਂਟ ਕਿਲੀਮੰਜਾਰੋ ਫ਼ਤਿਹ ਕਰਨ ਵਾਲਾ ਸੱਭ ਤੋਂ ਘੱਟ ਉਮਰ ਦਾ ਏਸ਼ੀਆਈ ਬਣਿਆ ਸੀ। ਇਸ ਤੋਂ ਇਲਾਵਾ ਅਪ੍ਰੈਲ 2024 ਵਿਚ ਉਹ 5 ਸਾਲ 7 ਮਹੀਨੇ ਦੀ ਉਮਰ ਵਿਚ ਮਾਊਂਟ ਐਵਰੈਸਟ ਬੇਸ ਕੈਂਪ ਤਕ ਵੀ ਪਹੁੰਚ ਚੁੱਕਾ ਹੈ। ਉਸ ਦੀਆਂ ਇਹ ਉਪਲਬਧੀਆਂ ਏਸ਼ੀਆ ਬੁੱਕ ਆਫ਼ ਰਿਕਾਰਡਜ਼ ਅਤੇ ਇੰਡੀਆ ਬੁੱਕ ਆਫ਼ ਰਿਕਾਰਡਜ਼ ਵਿਚ ਦਰਜ ਹਨ।

# ਗੇਂਟਾ ਰਿਪੋਰਟ ਲਾਗੂ ਨਾ ਕਰਨ ਵਿਰੁੱਧ ਵਿਧਾਨ ਸਭਾ ਚੋਣਾਂ ਵਿੱਚ "ਆਪ" ਵਿਰੁੱਧ ਆਵਾਜ਼ ਬੁਲੰਦ ਕਰਨ ਦਾ ਐਲਾਨ

**●ਪੰਜਾਬ ਦੀਆਂ ਵਿਰੋਧੀ ਪਾਰਟੀਆਂ ਨੂੰ ਵੀ ਵਿਧਾਨ ਸਭਾ ਚੋਣਾਂ ਵਿੱਚ ਸਮਾਜ ਦੇ ਮੁਦਿਆਂ ਦੇ ਹੱਲ ਲਈ ਘੇਰਨ ਦਾ ਫੈਸਲਾ ●2027 ਦੀਆਂ ਚੋਣਾਂ ਵਿੱਚ ਰਣਨੀਤੀ ਘੜਨ ਲਈ ਚੇਅਰਮੈਨ ਦੀ ਅਗਵਾਈ ਵਿੱਚ 5 ਮੈਂਬਰੀ ਕਮੇਟੀ ਦਾ ਗਠਨ**





**ਕਪੂਰਥਲਾ,19 ਅਪ੍ਰੈਲ ( ਕੌੜਾ )-** ਦੇਸ਼ ਭਗਤ ਯਾਦਗਾਰ ਜਲੰਧਰ ਵਿਖ਼ੇ ਗਜ਼ਟਿਡ ਐਂਡ ਨਾਨ ਗਜ਼ਟਿਡ ਐਸ ਸੀ / ਬੀ ਸੀ ਇੰਪਲਾਇਜ਼ ਵੈਲਫ਼ੇਅਰ ਫੇਡਰੇਸ਼ਨ (ਰਾਜੀ ) ਪੰਜਾਬ, ਜੋਇੰਟ ਐਕਸ਼ਨ ਕਮੇਟੀ 22 ਐਸ ਸੀ/ ਬੀ ਸੀ ਇੰਪਲਾਇਜ਼ ਐਂਡ ਸੋਸ਼ਲ ਆਰਗੈਨਿਸਾਸ਼ਨਸ ਪੰਜਾਬ, ਐਸ ਸੀ ਬੀ ਸੀ ਪੈਨਸ਼ਨਰਸ ਵੈਲਫ਼ੇਅਰ ਐਸੋਸੀਏਸ਼ਨ ਪੰਜਾਬ ਅਤੇ ਅੰਬੇਡਕਰ ਮਿਸ਼ਨ ਕਲੱਬ (ਰਜਿ ) ਪੰਜਾਬ ਨੇ ਸਾਂਝੇ ਤੌਰ ਤੇ ਚੇਅਰਮੈਨ ਜਸਬੀਰ ਸਿੰਘ ਪਾਲ, ਪ੍ਰਧਾਨ ਕੁਲਵਿੰਦਰ ਸਿੰਘ ਬੋਦਲ ਅਤੇ ਵਾਇਸ ਚੇਅਰਮੈਨ ਬਲਰਾਜ ਕੁਮਾਰ ਅਮਰਜੀਤ ਖਟਕੜ ਸਲਾਹਕਾਰ ਅਤੇ ਪ੍ਰਿੰਸੀਪਲ ਕ੍ਰਿਸ਼ਨ ਲਾਲ ਫਰੀਦਕੋਟ ਦੀ ਅਗਵਾਈ ਵਿੱਚ ਕਾਂਫ੍ਰੇਂਸ ਹੋਈ ਜਿਸ ਵਿੱਚ ਪੰਜਾਬ ਦੇ ਕੋਨੇ ਕੋਨੇ ਤੋਂ ਮੈਂਬਰ ਅਤੇ ਸਮੂਹ ਅਹੁਦੇਦਾਰ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ ਲ ਜਿਸ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਦਾ 135ਵਾਂ ਜਨਮਦਿਨ ਅਤੇ ਫੇਡਰੇਸ਼ਨ ਦਾ 31ਵਾਂ ਸਥਾਪਨਾ ਦਿਵਸ ਮਨਾਇਆ ਗਿਆ ।

ਇਸ ਮੌਕੇ ਸ਼੍ਰੀ ਗੁਰੂ ਰਵਿਦਾਸ ਦਾ ਵਿਸ਼ਾਲ ਧਾਰਮਿਕ ਸਥਾਨ ਅਤੇ ਚਰਨ ਗੰਗਾ ਖੁਰਾਲਗੜ੍ਹ ਦੇ ਮੁਖ ਸੇਵਾਦਾਰ ਸੰਤ ਸੁਰਿੰਦਰ ਦਾਸ ਜੀ ਨੇ ਆਪਣੇ ਵਿਚਾਰਾਂ ਰਹੀ ਫੇਡਰੇਸ਼ਨ ਵੱਲੋ ਭਾਰਤੀ ਸੰਵਿਧਾਨ ਅਤੇ ਰਾਖਵਾਂਕਰਨ ਬਚਾਓ, ਸਮਾਜ ਦੇ ਕਮਜ਼ੋਰ ਵਰਗਾਂ ਨੂੰ ਸੰਵਿਧਾਨ ਨੂੰ ਬਚਾਉਣ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਲਈ ਚਲਾਏ ਜਾ ਰਹੇ ਅੰਦੋਲਨ ਦੀ ਪ੍ਰਸ਼ਸ਼ਾਂ ਕੀਤੀ ਓਹਨਾ ਨੇ ਮਾਨਵਟਾ ਅਤੇ ਮਨੁੱਖਤਾ ਦੇ ਭਲੇ ਲਈ ਹੋਰ ਮਜਬੂਤੀ ਨਾਲ ਕੰਮ ਕਰਨ ਦਾ ਅਸ਼ੀਰਵਾਦ ਦਿੰਦੇ ਹੋਏ ਐਲਾਨ ਕੀਤਾ ਕੇ ਕਿ ਜਥੇਬੰਦੀ ਦਾ ਵੱਧ ਚੜ ਕੇ ਸਾਥ ਦਵਾਂਗੇ ।

ਉਕਤ ਨੇ ਬਾਬਾ ਸਾਹਿਬ ਦੇ ਬੁੱਤ ਹਜਾਰਾਂ ਦੀ ਗਿਣਤੀ ਵਿੱਚ ਸਥਾਪਿਤ ਕਰਨ ਦੀ ਪ੍ਰੇਰਨਾ ਕਰਦੇ ਹੋਏ ਸਮਾਜ ਉਹ ਵਿਰੋਧੀਆਂ ਨੂੰ ਜਵਾਬ ਦੇਣ ਲਈ ਇਸਨੂੰ ਢੁੱਕਵਾਂ ਤਰੀਕਾ ਐਲਾਨ ਕੀਤਾ ਇਸ ਸਮੇ ਮੈਂਬਰ ਪਾਰਲੀਮੈਂਟ ਰਾਜ ਸਭਾ ਕਰਮਬੀਰ ਬੋਧ ਨੇ ਸਰਕਾਰਾਂ ਵੱਲੋ ਭਾਰਤੀ ਸੰਵਿਧਾਨ ਵਿੱਚ ਗਰੀਬਾਂ ਮਹਿਲਾਵਾਂ ਘੱਟ ਗਿਣਤੀਆ ਦੇ ਹੱਕਾਂ ਦੀ ਰੱਖੀਂ ਨਾ ਕਰਨ ਤੇ ਕੇਂਦਰ ਅਤੇ ਰਾਜ ਸਾਰਕਰਾਂ ਦੀ ਅਲੋਚਨਾ ਕੀਤੀ ਲ ਓਹਨਾਂ ਨੇ ਫੇਡਰੇਸ਼ਨ ਦੇ ਹਰ ਸੰਘਰਸ਼ ਵਿੱਚ ਸਹਿਯੋਗ ਦਾ ਭਰੋਸਾ ਦਿੰਦੇ ਹੋਏ ਸਮਾਜਿਕ ਏਕਤਾ ਮਜਬੂਤ ਕਰਨ ਦੀ ਅਪੀਲ ਕੀਤੀ ਇਸ ਸਮੇ ਸੰਤ ਤੇਜਾ ਸਿੰਘ ਐਮ ਏ ਮੁੱਖੀ ਗੁਰੂਸਰ ਡੇਰਾ ਖੁੱਡਾ ਅਤੇ ਸੰਤ ਜਸਪਾਲ ਸਿੰਘ ਗੱਦੀ ਨਸ਼ੀਨ ਉਡਰਾਂ ਨੇ ਵੀ ਆਪਣੇ ਵਿਚਾਰਾਂ ਰਾਹੀਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕੇ ਸਮਾਜ ਦੇ 31 ਨੁਕਤਿਆਂ ਤੇ ਸਮਾਜ ਵਲੋਂ ਵਧੀਕ ਮੁਖ ਸਕੱਤਰ ਰਮੇਸ਼ ਕੁਮਾਰ ਗੇਂਟਾ ਵਲੋਂ 16.08.2023 ਨੂੰ ਕੈਬਿਨੇਟ ਸਬ ਕਮੇਟੀ ਦੇ ਚੇਅਰਮੈਨ ਵਿੱਤ ਮੰਤਰੀ ਪੰਜਾਬ ਨੂੰ ਪੇਸ਼ ਕੀਤੀ ਜਾ ਚੁਕੀ ਰਿਪੋਰਟ ਨੂੰ ਅਮਲੀ ਜਾਮਾ ਪਹਿਨਉਣ ਜਾਵੇ ਪ੍ਰਧਾਨਗੀ ਮੰਡਲ ਨੇ ਪੰਜਾਬ ਸਰਕਾਰ ਦੇ ਦਲਿਤ ਅਤੇ ਪੱਛੜੇ ਵਤੀਰੇ ਵਿਰੁੱਧ ਵਿਧਾਨ ਸਭਾ ਚੋਣਾਂ 2027 ਵਿੱਚ ਸੁਪੜਾ ਸਾਫ ਕਰਨ ਦਾ ਮਤਾ ਪਾਸ ਕੀਤਾ ਲ ਸਮੂਹ ਬੁਲਾਰਿਆ ਨੇ 2027 ਦੀਆਂ ਚੋਣਾਂ ਵਿੱਚ ਫੇਡਰੇਸ਼ਨ ਅਤੇ ਜੋਇਟ ਐਕਸ਼ਨ ਕਮੇਟੀ ਵਲੋਂ ਪੂਰੀ ਲਾਮਬੰਦੀ ਦੀ ਮੁਹਿੰਮ ਵਿੱਡਣ ਦਾ ਫੈਸਲਾ ਕੀਤਾ । ਜਿਸ ਸੰਬੰਧੀ ਜਸਬੀਰ ਸਿੰਘ ਪਾਲ ਚੇਅਰਮਨ ਦੀ ਅਗਵਾਈ ਵਿੱਚ 5 ਮੇਂਬਰੀ ਕਮੇਟੀ ਦਾ ਐਲਾਨ ਕੀਤਾ ਅਤੇ ਇਸ ਕਮੇਟੀ ਨੂੰ ਸਾਰੇ ਫ਼ੈਸਲੇ ਕਰਨ ਦਾ ਅਧਿਕਾਰ ਦਿੱਤਾ ਗਿਆ।

ਉਕਤ ਮੀਟਿੰਗ ਨੂੰ ਜਸਬੀਰ ਸਿੰਘ ਪਾਲ , ਬਲਰਾਜ ਕੁਮਾਰ , ਅਮਰਜੀਤ ਖਟਕੜ, ਸਤਵੰਤ ਸਿੰਘ ਤੂਰਾ ਕਪੂਰਥਲਾ, ਸੁੱਖਵਿੰਦਰ ਕਾਲੀ , ਜੋਗਾ ਸਿੰਘ, ਸੁਭਾਸ਼ ਚੰਦਰ, ਹਰਵਿੰਦਰ ਸਿੰਘ ਬੀ ਐੱਸ ਐਨ ਐਲ, ਬਲਦੇਵ ਸਿੰਘ ਧੁਗਾ, ਮਨਿੰਦਰ ਸਿੰਘ, ਬਲਜੀਤ ਸਿੰਘ, ਮਨੋਹਰ ਲਾਲ, ਗੁਰਜੰਟ ਸਿੰਘ, ਵੀਰ ਸਿੰਘ, ਬਲਵੰਤ ਸਿੰਘ, ਭੁਪਿੰਦਰ ਸਿੰਘ, ਬੰਤ ਸਿੰਘ, ਗੁਰਜਿੰਦਰਪਾਲ , ਮਨਜੀਤ ਗਾਟ ਫ਼ਗਵਾੜਾ, ਹਰਮੇਸ਼ ਲਾਲ ਘੇੜਾ, ਬਲਵਿੰਦਰ ਸਿੰਘ, ਲਖਵੀਰ ਸਿੰਘ, ਬਲਜੀਤ ਸਿੰਘ, ਲਖਵਿੰਦਰ ਰਾਮ, ਪ੍ਰਭਜੋਤ ਸਿੰਘ, ਧਰਮਿੰਦਰ ਸਿੰਘ, ਲਖਵੀਰ ਸਿੰਘ, ਹਰਵਿੰਦਰ ਭੱਠਲ, ਤਰਸੇਮ ਲਾਲ ਬੰਗਾ, ਸ਼ਿਵ ਸਿੰਘ ਬੰਗੜ, ਗੁਰਦਿਆਲ ਸਿੰਘ ਫੁੱਲ, ਅਮਰਜੀਤ ਸਿੰਘ, ਸੁਰਿੰਦਰ ਕੁਮਾਰ, ਲਛਮਣ ਸਿੰਘ ਆਦਿ ਬੁਲਾਰਿਆ ਨੇ ਸੰਬੋਧਨ ਕੀਤਾ ।

# ਵੈਸਟ ਬ੍ਰੋਮਵਿਚ 'ਚ ਬਹੁਤ ਧੂਮ ਧਾਮ ਨਾਲ ਮਨਾਇਆ ਪੰਜਾਬੀ ਸੱਭਿਆਚਾਰ ਦਿਵਸ

## ਵੱਡੀ ਗਿਣਤੀ 'ਚ ਪੰਜਾਬੀ ਭਾਈਚਾਰੇ ਨੇ ਕੀਤੀ ਸ਼ਿਰਹਤ



**ਸਮਾਗਮ ਵਿੱਚ ਹਾਜ਼ਰ ਪੰਜਾਬੀ ਭਾਈਚਾਰੇ ਦੇ ਲੋਕ ਅਤੇ ਪ੍ਰਮੁੱਖ ਸ਼ਖਸ਼ੀਅਤਾਂ!**

**ਲੈਸਟਰ (ਇੰਗਲੈਂਡ), 19 ਅਪ੍ਰੈਲ (ਸੁਖਜਿੰਦਰ ਸਿੰਘ ਢੱਡੇ)-** ਵੈਸਟ ਬ੍ਰੋਮਵਿਚ ਵਿਖੇ ਸਥਾਨਕ ਸੈਂਟਰਲ ਲਾਇਬ੍ਰੇਰੀ 'ਚ ਮਨਾਇਆ ਗਿਆ ਪੰਜਾਬੀ ਸੱਭਿਆਚਾਰ ਦਿਵਸ ਬਹੁਤ ਹੀ ਉਤਸ਼ਾਹਪੂਰਵਕ ਅਤੇ ਕਾਮਯਾਬੀ ਨਾਲ ਸੰਪੰਨ ਹੋਇਆ, ਇਸ ਸਮਾਗਮ ਚ ਵੱਡੀ ਗਿਣਤੀ ਚ ਪੰਜਾਬੀ ਭਾਈਚਾਰੇ ਨੇ ਸ਼ਿਰਕਤ ਕੀਤੀ ਅਤੇ ਇਸ ਸਮਾਗਮ ਦੀ ਭਰਪੂਰ ਸਲਾਘਾ ਕੀਤੀ 1

ਪ੍ਰੋਫੈਸਰ ਰਸਪਾਲ ਕੌਰ ਸਿੰਘ ਦੀ ਪਹਿਲਕਦਮੀ ਨਾਲ ਕਰਵਾਏ ਗਏ ਇਸ ਵਿਸ਼ੇਸ਼ ਸਮਾਗਮ ਨੇ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਪ੍ਰਤੀ ਵਿਦੇਸ਼ ਵਸਦੇ ਪੰਜਾਬੀਆਂ ਦੀ ਡੂੰਘੀ ਨਿਭਾਵਟ ਨੂੰ ਦਰਸਾਇਆ। ਪ੍ਰੋਫੈਸਰ ਸਿੰਘ, ਜੋ ਕਿ ਭਾਰਤ ਵਿੱਚ ਪੰਜਾਬੀ ਲੈਕਚਰਾਰ ਵਜੋਂ ਸੇਵਾਵਾਂ ਨਿਭਾ ਚੁੱਕੇ ਹਨ, ਪਿਛਲੇ ਕਰੀਬ 25 ਸਾਲਾਂ ਤੋਂ ਵਿਦੇਸ਼ ਵਿੱਚ ਰਹਿੰਦੇ ਹੋਏ ਵੀ ਮਾਂ-ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਲਗਾਤਾਰ ਯਤਨਸ਼ੀਲ ਹਨ। ਵਰਤਮਾਨ ਵਿੱਚ ਉਹ ਇੰਗਲੈਂਡ ਵਿੱਚ ਕਮਿਊਨਿਟੀ ਇੰਗੇਜਮੈਂਟ ਦੇ ਖੇਤਰ ਵਿੱਚ ਸਰਗਰਮ ਭੂਮਿਕਾ ਨਿਭਾ ਰਹੇ ਹਨ। ਸਮਾਗਮ ਦੀ ਸਫਲਤਾ ਵਿੱਚ ਸ੍ਰੀਮਤੀ ਸ਼ਰਨ ਕੌਰ ਢੇਸੀ ਦਾ ਵੀ ਅਹਿਮ ਯੋਗਦਾਨ ਰਿਹਾ, ਜਿਨ੍ਹਾਂ ਨੇ ਪ੍ਰਬੰਧਕੀ ਜ਼ਿੰਮੇਵਾਰੀਆਂ ਨੂੰ ਸੁਚੱਜੇ ਢੰਗ ਨਾਲ ਨਿਭਾਇਆ।

ਸਮਾਗਮ ਦੀ ਖਾਸ ਵਿਸ਼ੇਸ਼ਤਾ ਇਹ ਰਹੀ ਕਿ ਪੂਰਾ ਪ੍ਰੋਗਰਾਮ ਪੰਜਾਬੀ ਭਾਸ਼ਾ ਵਿੱਚ ਹੀ ਕਰਵਾਇਆ ਗਿਆ, ਜਿਸ ਵਿੱਚ ਤਿੰਨ ਪੀੜ੍ਹੀਆਂ— ਬੱਚੇ, ਨੌਜਵਾਨ ਅਤੇ ਬਜ਼ੁਰਗ—ਇਕੱਠੇ ਸ਼ਾਮਲ ਹੋਏ ਅਤੇ ਆਪਣੇ ਸੱਭਿਆਚਾਰ ਨਾਲ ਜੋੜ ਮਜ਼ਬੂਤ ਕੀਤਾ। ਮੰਚ 'ਤੇ ਕਵਿਤਾਵਾਂ, ਲੋਕ-ਗੀਤਾਂ ਅਤੇ ਪੰਜਾਬੀ ਇਤਿਹਾਸ ਨਾਲ ਸੰਬੰਧਿਤ ਵਿਚਾਰਾਂ ਦੀ ਪੇਸ਼ਕਸ਼ ਕੀਤੀ ਗਈ, ਜਿਸ ਨੇ ਦਰਸ਼ਕਾਂ ਨੂੰ ਭਾਵੁਕ ਅਤੇ ਪ੍ਰੇਰਿਤ ਕੀਤਾ। ਨੌਜਵਾਨਾਂ ਵੱਲੋਂ ਸਟੇਜ ਸੰਚਾਲਨ ਅਤੇ ਸਮੂਹ ਪ੍ਰਬੰਧ ਦੀ ਜ਼ਿੰਮੇਵਾਰੀ ਸੰਭਾਲਣਾ ਸਮਾਗਮ ਦੀ ਇੱਕ ਹੋਰ ਵੱਡੀ ਖਾਸੀਅਤ ਰਹੀ, ਜਿਸ ਨਾਲ ਉਨ੍ਹਾਂ ਵਿੱਚ ਅਗਵਾਈ ਦੇ ਗੁਣ ਸਪੱਸ਼ਟ ਤੌਰ 'ਤੇ ਸਾਹਮਣੇ ਆਏ ਅਤੇ ਹਾਜ਼ਰੀਨ ਵੱਲੋਂ ਇਸ ਦੀ ਖੂਬ ਪ੍ਰਸ਼ੰਸਾ ਕੀਤੀ ਗਈ।

ਸਥਾਨਕ ਸਪਾਂਸਰਾਂ ਦੇ ਸਹਿਯੋਗ ਨਾਲ ਸਮਾਗਮ ਦੌਰਾਨ ਖਾਣ-ਪੀਣ ਦਾ ਮੁਫ਼ਤ ਪ੍ਰਬੰਧ ਕੀਤਾ ਗਿਆ, ਜਿਸ ਨਾਲ ਹਾਜ਼ਰੀਨ ਦੀ ਭਾਗੀਦਾਰੀ ਹੋਰ ਵੀ ਰੌਣਕਮਈ ਬਣੀ। ਸਮਾਗਮ ਦਾ ਮੁੱਖ ਮੰਤਵ ਪੰਜਾਬੀ ਭਾਸ਼ਾ ਨੂੰ ਉਤਸ਼ਾਹਿਤ ਕਰਨਾ, ਨਵੀਂ ਪੀੜ੍ਹੀ ਨੂੰ ਮਾਂ-ਬੋਲੀ ਨਾਲ ਜੋੜਨਾ ਅਤੇ ਉਨ੍ਹਾਂ ਵਿੱਚ ਆਤਮ-ਵਿਸ਼ਵਾਸ ਅਤੇ ਅਗਵਾਈ ਦੇ ਗੁਣ ਵਿਕਸਤ ਕਰਨਾ ਸੀ, ਜਿਸ ਵਿੱਚ ਪ੍ਰਬੰਧਕ ਪੂਰੀ ਤਰ੍ਹਾਂ ਕਾਮਯਾਬ ਰਹੇ।

ਹਾਜ਼ਰੀਨ ਵੱਲੋਂ ਸਮਾਗਮ ਨੂੰ 100 ਫੀਸਦੀ ਸਕਾਰਾਤਮਕ ਪ੍ਰਤੀਕਿਰਿਆ ਮਿਲੀ ਅਤੇ ਕਈਆਂ ਨੇ ਇਸਨੂੰ "ਭਾਵੁਕ ਅਤੇ ਸਮੇਂ ਦੀ ਲੋੜ" ਕਰਾਰ ਦਿੱਤਾ। ਇਸ ਮੌਕੇ ਪ੍ਰੋਫੈਸਰ ਰਸਪਾਲ ਕੌਰ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਜੇ ਅਸੀਂ ਆਪਣੀ ਮਾਂ-ਬੋਲੀ ਨੂੰ ਗੁਆ ਬੈਠੇ ਤਾਂ ਅਸੀਂ ਆਪਣੀਆਂ ਜੜ੍ਹਾਂ ਨਾਲੋਂ ਟੁੱਟ ਜਾਵਾਂਗੇ, ਪਰ ਇਸ ਤਰ੍ਹਾਂ ਦੇ ਸਾਂਝੇ ਸਮਾਗਮਾਂ ਰਾਹੀਂ ਅਸੀਂ ਉਸ ਨੂੰ ਹੋਰ ਮਜ਼ਬੂਤ ਕਰ ਸਕਦੇ ਹਾਂ।

ਅੰਤ ਵਿੱਚ ਪ੍ਰਬੰਧਕਾਂ ਵੱਲੋਂ ਆਸ ਪ੍ਰਗਟਾਈ ਗਈ ਕਿ ਪੰਜਾਬੀ ਸੱਭਿਆਚਾਰ ਦਿਵਸ ਨੂੰ ਹੁਣ ਹਰ ਸਾਲ ਨਿਯਮਿਤ ਤੌਰ 'ਤੇ ਮਨਾਇਆ ਜਾਵੇਗਾ, ਤਾਂ ਜੋ ਵਿਦੇਸ਼ਾਂ ਵਿੱਚ ਵੀ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀ ਰੌਣਕ ਕਾਇਮ ਰਹੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਇਸਦੀ ਵਿਰਾਸਤ ਸੁਰੱਖਿਅਤ ਢੰਗ ਨਾਲ ਪਹੁੰਚ ਸਕੇ।ਇਸ ਮੌਕੇ ਤੇ ਪ੍ਰਮੁੱਖ ਸਖਸੀਅਤਾ ਦਾ ਸਨਮਾਨ ਵੀ ਕੀਤਾ ਗਿਆ!

## ਅੰਮ੍ਰਿਤਸਰ ਵਿਚ ਰਾਜੀਨਾਮੇ ਲਈ ਇਕੱਠੀਆਂ ਹੋਈਆਂ ਦੋ ਧਿਰਾਂ ਵਿਚਕਾਰ ਚੱਲੀਆਂ ਗੋਲੀਆਂ,ਇੱਕ ਨੌਜਵਾਨ ਦੀ ਮੌਤ



**ਅੰਮ੍ਰਿਤਸਰ।** ਅੰਮ੍ਰਿਤਸਰ ਵਿੱਚ ਇੱਕ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ, ਜਦੋਂ ਕਿ ਉਸ ਦੇ ਨਾਲ ਆਏ ਚਾਰ ਹੋਰ ਗੰਭੀਰ ਜ਼ਖ਼ਮੀ ਹੋ ਗਏ। ਸਾਰੇ ਜ਼ਖ਼ਮੀਆਂ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਨੂੰ ਕੁਝ ਲੋਕ ਰਾਜੀਨਾਮਾ ਕਰਵਾਉਣ ਦੇ ਬਹਾਨੇ ਉਸ ਦੇ ਘਰੋਂ ਲੈ ਕੇ ਗਏ ਸਨ। ਪਰ ਪਹੁੰਚਣ 'ਤੇ, ਉਸ ਨੂੰ ਗੋਲੀ ਮਾਰ ਦਿੱਤੀ। ਜਿਸ ਨਾਲ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਘਟਨਾ ਨਾਲ ਇਲਾਕੇ ਵਿੱਚ ਦਹਿਸ਼ਤ ਫੈਲ ਗਈ ਅਤੇ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ। ਇਹ ਘਟਨਾ ਦੇਰ ਰਾਤ ਵਾਪਰੀ, ਮ੍ਰਿਤਕ ਦੀ ਪਛਾਣ ਸਾਬੂ ਵਜੋਂ ਹੋਈ ਹੈ। ਮ੍ਰਿਤਕ ਦੇ ਭਰਾ ਲਖਬੀਰ ਸਿੰਘ ਨੇ ਦੱਸਿਆ ਕਿ ਕੁਝ ਲੋਕ ਉਸ ਦੇ ਭਰਾ ਨੂੰ ਇਹ ਕਹਿ ਕੇ ਘਰੋਂ ਲੈ ਗਏ ਕਿ ਉਨ੍ਹਾਂ ਦਾ ਝਗੜਾ ਹੋਇਆ ਹੈ ਅਤੇ ਉਹ ਮਾਮਲਾ ਸੁਲਝਾਉਣ ਜਾ ਰਹੇ ਸਨ। ਹਾਲਾਂਕਿ, ਉੱਥੇ ਪਹੁੰਚਣ 'ਤੇ ਸਥਿਤੀ ਅਚਾਨਕ ਵਿਗੜ ਗਈ ਅਤੇ ਮੁਲਜ਼ਮ ਨੇ ਗੋਲੀਬਾਰੀ ਕਰ ਦਿੱਤੀ। ਹਮਲੇ ਵਿੱਚ ਉਸ ਦੇ ਭਰਾ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਉਸ ਦੇ ਨਾਲ ਮੌਜੂਦ ਹੋਰ ਲੋਕ ਗੰਭੀਰ ਜ਼ਖ਼ਮੀ ਹੋ ਗਏ। ਫਿਲਹਾਲ ਪੁਲਿਸ ਨੇ ਮੌਕੇ ਤੇ ਪਹੁੰਚ ਤੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਮੌਜੂਦਾ ਲੋਕ ਸਭਾ ਸੀਟਾਂ ਦੇ ਆਧਾਰ 'ਤੇ ਮਹਿਲਾ ਰਾਖਵਾਂਕਰਨ ਲਾਗੂ ਕੀਤਾ ਜਾਵੇ : ਕਾਂਗਰਸ

**ਨਵੀਂ ਦਿੱਲੀ :** ਕਾਂਗਰਸ ਪਾਰਟੀ ਨੇ ਐਤਵਾਰ ਨੂੰ ਲੋਕ ਸਭਾ ਸੀਟਾਂ ਦੀ ਮੌਜੂਦਾ ਗਿਣਤੀ ਦੇ ਆਧਾਰ 'ਤੇ ਮਹਿਲਾ ਰਾਖਵੇਂਕਰਨ ਨੂੰ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ ਅਤੇ ਇਸ ਮੁੱਦੇ 'ਤੇ ਮੋਦੀ ਸਰਕਾਰ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਕੀਤਾ। ਪਾਰਟੀ ਨੇ ਇਲਜ਼ਾਮ ਲਗਾਇਆ ਕਿ ਸਰਕਾਰ ਰਾਜਨੀਤਿਕ ਕਾਰਨਾਂ ਕਰਕੇ ਜਾਣਬੁੱਝ ਕੇ ਔਰਤਾਂ ਦੇ ਰਾਖਵੇਂਕਰਨ ਵਿੱਚ ਦੇਰੀ ਕਰ ਰਹੀ ਹੈ। ਦਿੱਲੀ ਪ੍ਰਦੇਸ਼ ਕਾਂਗਰਸ ਕਮੇਟੀ ਨੇ ਇਹ ਵਿਰੋਧ ਪ੍ਰਦਰਸ਼ਨ ਸੰਵਿਧਾਨ (131ਵਾਂ ਸੋਧ) ਬਿੱਲ ਜਿਸ ਦਾ ਉਦੇਸ਼ ਵਿਧਾਨ ਸਭਾਵਾਂ ਵਿੱਚ ਔਰਤਾਂ ਲਈ 33 ਪ੍ਰਤੀਸ਼ਤ ਰਾਖਵਾਂਕਰਨ ਲਾਗੂ ਕਰਨਾ ਅਤੇ ਲੋਕ ਸਭਾ ਸੀਟਾਂ ਦੀ ਗਿਣਤੀ 816 ਕਰਨਾ ਹੈ,ਨੂੰ ਲੋਕ ਸਭਾ ਵਿੱਚ ਰੱਦ ਕੀਤੇ ਜਾਣ ਤੋਂ ਦੋ ਦਿਨ ਬਾਅਦ ਕੀਤਾ। ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲੈਂਦੇ ਹੋਏ ਕਾਂਗਰਸ ਦੇ ਜਨਰਲ ਸਕੱਤਰ ਅਤੇ ਸੰਚਾਰ



ਇੰਚਾਰਜ ਜੈਰਾਮ ਰਮੇਸ਼ ਨੇ ਕਿਹਾ ਕਿ ਜਦੋਂ ਇਹ ਬਿੱਲ ਪਾਸ ਹੋਇਆ ਸੀ ਤਾਂ ਕਾਂਗਰਸ ਨੇ ਮੰਗ ਕੀਤੀ ਸੀ ਕਿ 'ਨਾਰੀ ਸ਼ਕਤੀ ਵੰਦਨ ਅਧਿਨਿਯਮ' ਨੂੰ 2024 ਦੀਆਂ ਲੋਕ ਸਭਾ ਚੋਣਾਂ ਤੋਂ ਲਾਗੂ ਕੀਤਾ ਜਾਵੇ। ਇਸ ਮੰਗ ਨੂੰ ਅਣਡਿੱਠਾ ਕਰ ਦਿੱਤਾ ਗਿਆ ਸੀ ਅਤੇ ਸਾਨੂੰ ਦੱਸਿਆ ਗਿਆ ਸੀ ਕਿ ਇਸ ਨੂੰ ਲਾਗੂ ਕਰਨ ਦੀ ਮਿਤੀ ਬਾਅਦ ਵਿੱਚ ਤੈਅ ਕੀਤੀ ਜਾਵੇਗੀ । ਲਗਭਗ 30 ਮਹੀਨਿਆਂ ਤੱਕ ਚੁੱਪ ਰਹੀ ਅਤੇ ਅਚਾਨਕ 16 ਅਪ੍ਰੈਲ ਦੀ ਰਾਤ ਨੂੰ ਇਸ ਕਾਨੂੰਨ ਨੂੰ ਸੂਚਿਤ ਕਰ ਦਿੱਤਾ ਗਿਆ। ਜੈਰਾਮ ਰਮੇਸ਼ ਨੇ ਦੋਸ਼ ਲਗਾਇਆ ਕਿ ਜਦੋਂ ਇਹ ਸਪੱਸ਼ਟ ਹੋ ਗਿਆ ਕਿ ਵਿਰੋਧੀ ਏਕਤਾ ਕਾਰਨ ਹੱਦਬੰਦੀ ਨਾਲ ਸਬੰਧਤ ਉਪਬੰਧਾਂ ਵਾਲਾ ਬਿੱਲ ਪਾਸ ਨਹੀਂ ਹੋਵੇਗਾ, ਤਾਂ ਸਰਕਾਰ ਨੇ ਜਲਦੀ ਨਾਲ ਮਹਿਲਾ ਰਿਜ਼ਰਵੇਸ਼ਨ ਕਾਨੂੰਨ ਨੂੰ ਸੂਚਿਤ ਕੀਤਾ ਅਤੇ ਹੁਣ ਦਾਅਵਾ ਕਰ ਰਹੀ ਹੈ ਕਿ ਕਾਂਗਰਸ ਮਹਿਲਾ ਰਿਜ਼ਰਵੇਸ਼ਨ ਦਾ ਵਿਰੋਧ ਕਰਦੀ ਹੈ। ਦਿੱਲੀ ਕਾਂਗਰਸ ਪ੍ਰਧਾਨ ਦੇਵੇਂਦਰ ਯਾਦਵ ਦੀ ਅਗਵਾਈ ਵਿੱਚ ਪਾਰਟੀ ਵਰਕਰਾਂ ਨੇ ਵਿਰੋਧ ਪ੍ਰਦਰਸ਼ਨ ਦੌਰਾਨ ਭਾਜਪਾ ਹੈੱਡਕੁਆਰਟਰ ਵੱਲ ਮਾਰਚ ਕੀਤਾ ਅਤੇ ਨਾਅਰੇਬਾਜ਼ੀ ਕੀਤੀ।ਇਸ ਸਮਾਗਮ ਦੌਰਾਨ ਕਈ ਸੀਨੀਅਰ ਆਗੂ ਮੌਜੂਦ ਸਨ ਜਿਨ੍ਹਾਂ ਵਿੱਚ ਆਲ ਇੰਡੀਆ ਮਹਿਲਾ ਕਾਂਗਰਸ ਪ੍ਰਧਾਨ ਅਲਕਾ ਲਾਂਬਾ, ਦਿੱਲੀ ਮਹਿਲਾ ਕਾਂਗਰਸ ਪ੍ਰਧਾਨ ਪੁਸ਼ਪਾ ਸਿੰਘ ਅਤੇ ਏ.ਆਈ.ਸੀ.ਸੀ. ਬੁਲਾਰਾ ਰਾਗਿਨੀ ਨਾਇਕ ਸ਼ਾਮਲ ਸਨ।

ਇਕੱਠ ਨੂੰ ਸੰਬੋਧਨ ਕਰਦਿਆਂ ਯਾਦਵ ਨੇ ਕਿਹਾ ਕਿ ਇਹ ਵਿਰੋਧ ਪ੍ਰਦਰਸ਼ਨ ਲੋਕ ਸਭਾ ਵਿੱਚ ਮੌਜੂਦਾ 543 ਸੀਟਾਂ ਦੇ ਆਧਾਰ 'ਤੇ ਮਹਿਲਾ ਰਾਖਵੇਂਕਰਨ ਨੂੰ ਤੁਰੰਤ ਲਾਗੂ ਕਰਨ ਦੀ ਮੰਗ ਨੂੰ ਦਬਾਉਣ ਲਈ ਕੀਤਾ ਗਿਆ ਸੀ। ਉਨ੍ਹਾਂ ਕਿਹਾ, "ਅੱਜ ਸਾਡਾ ਵਿਰੋਧ ਪ੍ਰਦਰਸ਼ਨ ਔਰਤਾਂ ਦੇ ਰਾਖਵੇਂਕਰਨ ਦੀ ਮੰਗ ਲਈ ਹੈ, ਇਹ ਮਾਮਲਾ ਕਈ ਸਾਲਾਂ ਤੋਂ ਲਟਕਿਆ ਹੋਇਆ ਹੈ। ਇਹ ਬਿੱਲ 2023 ਵਿੱਚ ਸੰਸਦ ਵਿੱਚ ਪੇਸ਼ ਕੀਤਾ ਗਿਆ ਸੀ ਅਤੇ ਸਰਬਸੰਮਤੀ ਨਾਲ ਪਾਸ ਹੋ ਗਿਆ ਸੀ। ਅੱਜ ਭਾਜਪਾ ਔਰਤਾਂ ਦੇ ਰਾਖਵੇਂਕਰਨ ਦੇ ਨਾਮ 'ਤੇ ਹੱਦਬੰਦੀ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਜੇਕਰ ਤੁਸੀਂ ਸੱਚਮੁੱਚ ਔਰਤਾਂ ਦੀ ਭਲਾਈ ਲਈ ਵਚਨਬੱਧ ਹੋ, ਤਾਂ ਮੌਜੂਦਾ 543 ਸੀਟਾਂ 'ਤੇ ਰਾਖਵਾਂਕਰਨ ਲਾਗੂ ਕਰੋ।"

## ਪੰਜਾਬ ਅਤੇ ਚੰਡੀਗੜ੍ਹ ਵਿੱਚ ਗਰਮੀ ਨੇ ਕੱਢੇ ਵੱਟ, 41 ਡਿਗਰੀ ਤੱਕ ਪਹੁੰਚਿਆ ਪਾਰਾ

**ਚੰਡੀਗੜ੍ਹ।** ਪੰਜਾਬ ਅਤੇ ਚੰਡੀਗੜ੍ਹ ਵਿੱਚ ਦਿਨੋਂ ਦਿਨ ਗਰਮੀ ਵੱਧ ਰਹੀ ਹੈ। ਬਠਿੰਡਾ ਵਿੱਚ ਤਾਪਮਾਨ 41.1 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜਦੋਂ ਕਿ ਚੰਡੀਗੜ੍ਹ ਵਿੱਚ ਵੱਧ ਤੋਂ ਵੱਧ 40.0 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਸੂਬੇ ਭਰ ਵਿੱਚ ਤਾਪਮਾਨ 1.8 ਡਿਗਰੀ ਸੈਲਸੀਅਸ ਵਧਿਆ ਹੈ, ਜਿਸ ਨਾਲ ਇਹ ਆਮ ਨਾਲੋਂ 3.5 ਡਿਗਰੀ ਵੱਧ ਹੈ। ਮੌਸਮ ਵਿਭਾਗ ਅਨੁਸਾਰ ਅੱਜ ਤੋਂ 24 ਅਪ੍ਰੈਲ ਤੱਕ ਮੌਸਮ ਖੁਸ਼ਕ ਰਹੇਗਾ। ਆਉਣ ਵਾਲੇ ਦਿਨਾਂ ਵਿੱਚ ਤਾਪਮਾਨ 2 ਤੋਂ 3 ਡਿਗਰੀ ਵਧੇਗਾ। ਮੌਸਮ ਵਿਭਾਗ ਨੇ ਲੋਕਾਂ ਨੂੰ ਸੁਚੇਤ ਰਹਿਣ ਅਤੇ ਆਪਣੇ ਖਾਣ-ਪੀਣ ਦੀਆਂ ਆਦਤਾਂ ਵੱਲ ਧਿਆਨ ਦੇਣ ਦੀ ਅਪੀਲ ਕੀਤੀ ਹੈ। ਮੌਸਮ ਵਿਭਾਗ ਦੇ ਅੰਕੜਿਆਂ ਅਨੁਸਾਰ, ਸੂਬੇ ਭਰ ਦੇ 18 ਸ਼ਹਿਰਾਂ ਵਿਚ ਵੱਧ ਤੋਂ ਵੱਧ ਤਾਪਮਾਨ 35 ਤੋਂ 41 ਡਿਗਰੀ ਸੈਲਸੀਅਸ ਦੇ ਦਾਇਰੇ ਵਿੱਚ ਦਰਜ ਕੀਤਾ ਗਿਆ। ਅੰਮ੍ਰਿਤਸਰ ਵਿੱਚ 36.8 ਡਿਗਰੀ, ਲੁਧਿਆਣਾ ਵਿੱਚ 39.8 ਡਿਗਰੀ ਸੈਲਸੀਅਸ, ਪਟਿਆਲਾ ਵਿੱਚ 40.4 ਡਿਗਰੀ ਸੈਲਸੀਅਸ ਅਤੇ ਹੁਸ਼ਿਆਰਪੁਰ ਵਿੱਚ 37.3 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਅੱਜ ਸੂਬੇ ਦੇ ਉੱਤਰ-ਪੂਰਬੀ ਹਿੱਸਿਆਂ ਜਿਵੇਂ ਕਿ ਗੁਰਦਾਸਪੁਰ, ਹੁਸ਼ਿਆਰਪੁਰ, ਰੂਪਨਗਰ (ਰੋਪੜ) ਅਤੇ ਨਵਾਂਸ਼ਹਿਰ ਵਿੱਚ ਵੱਧ ਤੋਂ ਵੱਧ ਤਾਪਮਾਨ 32 ਤੋਂ



36 ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿਣ ਦੀ ਸੰਭਾਵਨਾ ਹੈ, ਜਦੋਂ ਕਿ ਬਾਕੀ ਸੂਬੇ ਵਿੱਚ ਇਹ 36 ਤੋਂ 40 ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿ ਸਕਦਾ ਹੈ। ਇਸ ਹਫ਼ਤੇ ਦੌਰਾਨ ਸੂਬੇ ਵਿੱਚ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ ਥੋੜ੍ਹਾ ਵੱਧ ਰਹਿਣ ਦੀ ਸੰਭਾਵਨਾ ਹੈ। ਇਸੇ ਤਰ੍ਹਾਂ ਗੁਰਦਾਸਪੁਰ, ਹੁਸ਼ਿਆਰਪੁਰ, ਰੂਪਨਗਰ (ਰੋਪੜ) ਅਤੇ ਨਵਾਂਸ਼ਹਿਰ ਵਿੱਚ ਘੱਟੋ-ਘੱਟ ਤਾਪਮਾਨ 16 ਤੋਂ 18 ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿਣ ਦੀ ਸੰਭਾਵਨਾ ਹੈ, ਜਦੋਂ ਕਿ ਬਾਕੀ ਸੂਬੇ ਵਿੱਚ ਇਹ 18 ਤੋਂ 20 ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿ ਸਕਦਾ ਹੈ। ਮੌਸਮ ਵਿਭਾਗ ਦੇ ਡਾਇਰੈਕਟਰ ਸੁਰੇਂਦਰ ਪਾਲ ਦੇ ਅਨੁਸਾਰ, ਮੌਸਮ ਖੁਸ਼ਕ ਰਹਿਣ ਦੀ ਉਮੀਦ ਹੈ। ਅਗਲੇ 24 ਘੰਟਿਆਂ ਦੌਰਾਨ ਵੱਧ ਤੋਂ ਵੱਧ ਤਾਪਮਾਨ ਵਿੱਚ ਕੋਈ ਬਦਲਾਅ ਨਹੀਂ ਹੋਵੇਗਾ, ਪਰ ਉਸ ਤੋਂ ਬਾਅਦ 2 ਤੋਂ 3 ਡਿਗਰੀ ਸੈਲਸੀਅਸ ਵਧਣ ਦੀ ਉਮੀਦ ਹੈ।

SHAM LAL CHANDER
ID no. 921760
BUILDING MAINTENANCE HANDYMAN (CHECKATRADE)




Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਨਾਮਵਰ ਵਕੀਲ ਪ੍ਰਵੇਸ਼ ਖੋਸਲਾ ਅਕਾਲੀ ਦਲ (ਵਾਰਿਸ ਪੰਜਾਬ) ਵਿੱਚ ਸ਼ਾਮਲ

ਬਲਾਚੌਰ, 19 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ ):ਹਲਕਾ ਬਲਾਚੌਰ ਦੀ ਸਿਆਸਤ ਵਿੱਚ ਅੱਜ ਉਸ ਵੇਲੇ ਇੱਕ ਅਹਿਮ ਮੋੜ ਆਇਆ ਜਦੋਂ ਇਲਾਕੇ ਦੇ ਨਾਮਵਰ ਵਕੀਲ ਅਤੇ ਸਰਗਰਮ ਸਿਆਸੀ ਆਗੂ ਪ੍ਰਵੇਸ਼ ਖੋਸਲਾ ਨੇ ਦੂਜੀਆਂ ਪਾਰਟੀਆਂ ਦਾ ਸਾਥ ਛੱਡ ਕੇ ਅਕਾਲੀ ਦਲ (ਵਾਰਿਸ ਪੰਜਾਬ) ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਉਹ ਅੱਜ ਜ਼ਿਲ੍ਹਾ ਪ੍ਰਧਾਨ ਪ੍ਰਭਜੋਤ ਸਿੰਘ ਰਾਹੋਂ ਦੀ ਹਾਜ਼ਰੀ ਵਿੱਚ ਰਸਮੀ ਤੌਰ 'ਤੇ ਪਾਰਟੀ ਵਿੱਚ ਸ਼ਾਮਲ ਹੋਏ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਖੋਸਲਾ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਸਿਆਸੀ ਸਫ਼ਰ ਦੀ ਸ਼ੁਰੂਆਤ 'ਆਮ ਆਦਮੀ ਪਾਰਟੀ' ਤੋਂ ਕੀਤੀ ਸੀ, ਜਿੱਥੇ ਉਨ੍ਹਾਂ ਨੇ ਹਲਕਾ ਯੂਥ ਇੰਚਾਰਜ ਵਜੋਂ ਸੇਵਾਵਾਂ ਨਿਭਾਈਆਂ।

ਇਸ ਤੋਂ ਬਾਅਦ ਉਹ 'ਆਪਣਾ ਪੰਜਾਬ ਪਾਰਟੀ' ਵਿੱਚ ਬਤੌਰ ਜ਼ਿਲ੍ਹਾ ਪ੍ਰਧਾਨ ਵੀ ਸਰਗਰਮ ਰਹੇ ਹਨ।ਖੋਸਲਾ ਨੇ ਸਪੱਸ਼ਟ ਕੀਤਾ ਕਿ ਉਹ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਵਲੋਂ ਚਲਾਈਆਂ ਜਾ ਰਹੀਆਂ ਪੰਥਕ ਅਤੇ ਸਮਾਜਿਕ ਗਤੀਵਿਧੀਆਂ ਤੋਂ



ਬੇਹੱਦ ਪ੍ਰਭਾਵਿਤ ਹਨ। ਉਨ੍ਹਾਂ ਕਿਹਾ ਕਿ "ਇਲਾਕੇ ਦੇ ਵਿਕਾਸ ਅਤੇ ਕੌਮ ਦੇ ਹਿੱਤਾਂ ਦੀ ਰਾਖੀ ਲਈ ਮੈਂ ਅਕਾਲੀ ਦਲ (ਵਾਰਿਸ ਪੰਜਾਬ) ਨਾਲ ਜੁੜ ਕੇ ਨਵੀਂ ਸਿਆਸੀ ਪਾਰੀ ਸ਼ੁਰੂ ਕਰਨ ਦਾ ਮਨ ਬਣਾਇਆ ਹੈ।"ਜ਼ਿਲ੍ਹਾ ਪ੍ਰਧਾਨ ਪ੍ਰਭਜੋਤ ਸਿੰਘ ਰਾਹੋਂ ਨੇ ਐਡਵੋਕੇਟ ਖੋਸਲਾ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਕਿਹਾ ਕਿ ਇਹ ਪਾਰਟੀ ਕਿਸੇ ਇੱਕ ਵਿਸ਼ੇਸ਼ ਧਰਮ ਦੀ ਨਹੀਂ, ਸਗੋਂ ਸਮੂਹ ਧਰਮਾਂ ਅਤੇ ਜਾਤਾਂ ਦੀ ਸਾਂਝੀ ਪਾਰਟੀ ਹੈ। ਉਨ੍ਹਾਂ ਵੱਡਾ ਐਲਾਨ ਕਰਦਿਆਂ ਕਿਹਾ ਕਿ ਅਕਾਲੀ ਦਲ (ਵਾਰਿਸ ਪੰਜਾਬ) ਆਉਣ ਵਾਲੀਆਂ ਚੋਣਾਂ ਵਿੱਚ ਪੰਜਾਬ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ 'ਤੇ ਚੋਣ ਲੜੇਗੀ।ਕੋਈ ਵੀ ਵਿਅਕਤੀ ਜੋ ਪੰਜਾਬ ਹਿਤੈਸ਼ੀ ਸੋਚ ਰੱਖਦਾ ਹੈ, ਉਹ ਪਾਰਟੀ ਦੀ ਮੈਂਬਰਸ਼ਿਪ ਲੈ ਸਕਦਾ ਹੈ।ਪ੍ਰਭਜੋਤ ਸਿੰਘ ਨੇ ਕਿਹਾ ਕਿ ਖੋਸਲਾ ਵਰਗੇ ਪੜ੍ਹੇ-ਲਿਖੇ ਅਤੇ ਸੂਝਵਾਨ ਆਗੂ ਦੇ ਆਉਣ ਨਾਲ ਬਲਾਚੌਰ ਇਲਾਕੇ ਵਿੱਚ ਜਥੇਬੰਦੀ ਬਹੁਤ ਮਜ਼ਬੂਤ ਹੋਵੇਗੀ। ਇਸ ਮੌਕੇ ਐਡਵੋਕੇਟ ਪ੍ਰਵੇਸ਼ ਖੋਸਲਾ ਨੂੰ ਪਾਰਟੀ ਮੈਂਬਰ ਵਜੋਂ ਬਲਾਚੌਰ ਤੋਂ ਨਿਯੁਕਤ ਕੀਤਾ ਗਿਆ ਅਤੇ ਵਿਸ਼ਵਾਸ ਦਿਵਾਇਆ ਗਿਆ ਕਿ ਪਾਰਟੀ ਵਿੱਚ ਉਨ੍ਹਾਂ ਦੀ ਮਿਹਨਤ ਅਤੇ ਕਾਬਲੀਅਤ ਅਨੁਸਾਰ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਮੌਕੇ ਤੇ ਸਾਬਕਾ ਸਰਪੰਚ ਮੱਕੋਵਾਲ ਨਰਾਇਣ ਚੰਦ,ਸੁਖਵਿੰਦਰ ਸਿੰਘ ਬਾਬਾ, ਚਮਨ ਲਾਲ ਮੁੱਤੋਂ,ਗੁਰਮੁਖ ਸਿੰਘ,ਜਿੰਦਰ ਬੂਥਗੜੀਆ ਗੁਰਮਤ ਸਿੰਘ ਰੈਲ ਮਾਜਰਾ, ਬਿੱਕਰ ਸਿੰਘ ਪਰਾਗਪੁਰ ਹੋਰ ਬਹੁਤ ਸਾਰੇ ਮੈਂਬਰ ਸ਼ਾਮਿਲ ਹੋਏ।

# ਗੁਰਦੁਆਰਾ ਦੁੱਖ ਭੰਜਨਸਰ ਖੁਖਰਾਣਾ ਵਿਖੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਤੇ ਭਵਨਦੀਪ ਸਿੰਘ ਪੁਰਬਾ ਦਾ ਵਿਸ਼ੇਸ਼ ਸਨਮਾਨ

## ਸ਼ਬਦ ਗੁਰੂ ਪ੍ਰਚਾਰ ਲਹਿਰ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ -ਬਾਬਾ ਬਲਦੇਵ ਸਿੰਘ ਜੀ ਜੋਗੇਵਾਲਾ, ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ, ਗਿਆਨੀ ਪ੍ਰਮਿੰਦਰ ਸਿੰਘ ਅਨੰਦਪੁਰ ਸਾਹਿਬ

**ਮੋਗਾ/ 19 ਅਪ੍ਰੈਲ 2026/ ਮਨਮੋਹਨ ਸਿੰਘ ਚੀਮਾਂ**

ਸ਼ਬਦ ਗੁਰੂ ਪ੍ਰਚਾਰ ਲਹਿਰ ਦੇ ਬੈਨਰ ਹੇਠ ਸੰਤ ਬਾਬਾ ਬਲਦੇਵ ਸਿੰਘ ਜੀ ਜੋਗੇਵਾਲਾ ਦੀ ਰਹਿਨੁਮਾਈ ਹੇਠ ਖਾਲਸਾ ਸਾਜਨਾ ਦਿਵਸ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਪਿੰਡਾਂ ਨਗਰਾਂ ਅੰਦਰ ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਅਤੇ ਗਿਆਨੀ ਪਰਮਿੰਦਰ ਸਿੰਘ ਜੀ ਅਨੰਦਪੁਰ ਸਾਹਿਬ ਵਾਲਿਆਂ ਵੱਲੋਂ ਗੁਰਮਤਿ ਪ੍ਰਚਾਰ ਹਿੱਤ ਦੀਵਾਨ ਸਜਾਏ ਜਾ ਗਏ। ਜਿਸ ਦੀ ਪਿੰਡ ਹਰਦਾਸਾ ਤੋਂ ਸ਼ੁਰੂਆਤ ਕੀਤੀ ਗਈ ਸੀ। ਇਸ ਤੋਂ ਬਾਅਦ ਵਾੜਾ ਵਰਿਆਮ ਸਿੰਘ ਵਾਲਾ, ਜੋਈਆ ਵਾਲਾ, ਭੰਗਾਲੀ, ਧੰਨਾ ਸ਼ਹੀਦ, ਪਤਲੀ, ਕਰਮਿੱਕੀ, ਤੂੰਬੜ ਭੰਨ, ਕਾਲੀਏ ਵਾਲਾ, ਚੋਟੀਆਂ ਠੋਬਾ, ਸਾਧੂਵਾਲਾ, ਸੋਢੀਵਾਲਾ ਸਮੇਤ ਹੋਰ ਕਈ ਪਿੰਡਾਂ ਸ਼ਹਿਰਾਂ ਕਸਬਿਆਂ ‘ਚ ਗੁਰਮਤਿ ਦੇ ਪ੍ਰਚਾਰ ਤੇ ਪ੍ਰਸਾਰ ਦੀ ਲਹਿਰ ਚਲਾਈ ਗਈ। ਇਹ ਜਾਣਕਾਰੀ ਸੰਤ ਬਾਬਾ ਬਲਦੇਵ ਸਿੰਘ ਜੀ ਜੋਗੇਵਾਲਾ, ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ, ਗਿਆਨੀ ਪ੍ਰਮਿੰਦਰ ਸਿੰਘ



ਅਨੰਦਪੁਰ ਸਾਹਿਬ ਵਾਲਿਆਂ ਨੇ ਪਿੰਡ ਖੁਖਰਾਣਾ ਵਿਖੇ ‘ਚੋਣਵੇ ਪੱਤਰਕਾਰਾਂ’ ਨਾਲ ਸ਼ਾਝੀ ਕੀਤੀ। ਉਨ੍ਹਾਂ ਨੇ ਦੱਸਿਆ ਕਿ ਇਨ੍ਹਾਂ ਸਮਾਗਮਾਂ ਵਿੱਚ ਵੱਖ-ਵੱਖ ਪਿੰਡਾਂ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਨਗਰ ਪੰਚਾਇਤਾਂ, ਕਲੱਬਾਂ ਦੇ ਨੋਜਵਾਨਾਂ ਅਤੇ ਸਿੱਖ ਸੰਗਤਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਦੀਵਾਨਾਂ ਵਿੱਚ ਵੱਡੀ ਗਿਣਤੀ ‘ਚ ਸੰਗਤਾਂ ਨੇ ਸ਼ਮੂਲੀਅਤ ਕੀਤੀ ਅਤੇ ਸ਼ਰਧਾ ਪ੍ਰੇਮ ਦੇ ਨਾਲ ਦੀਵਾਨਾਂ ਨੂੰ ਸੁਣਿਆਂ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਅੰਮ੍ਰਿਤ ਛਕਣ ਲਈ ਤਿਆਰ ਹੋਈਆਂ। ਜਿਨ੍ਹਾਂ ਨੇ ਚੌਰਾਸੀ ਦੇ ਸ਼ਹੀਦਾਂ ਦੀ ਯਾਦ ਵਿੱਚ ਬਣੇ ਗੁਰਦੁਆਰਾ ਨੀਲਾ ਤਾਰਾ ਸਾਹਿਬ ਵਿਖੇ ਵਿਸਾਖੀ ਵਾਲੇ ਦਿਨ ਅੰਮ੍ਰਿਤ ਛਕ ਕੇ ਕਲਗੀਧਰ ਪਾਤਸ਼ਾਹ ਵੱਲੋਂ ਪ੍ਰਗਟ ਕੀਤੇ ਗਏ ਖਾਲਸਾ ਪੰਥ ‘ਚ ਸ਼ਮੂਲੀਅਤ ਕੀਤੀ।

ਉਪਰੋਕਤ ਸਮਾਗਮਾਂ ਦੇ ਸਬੰਧ ਵਿੱਚ 19 ਅਪ੍ਰੈਲ ਦਿਨ ਐਤਵਾਰ ਨੂੰ ਗੁਰਦੁਆਰਾ ਦੁੱਖ ਭੰਜਨਸਰ ਖੁਖਰਾਣਾ ਵਿਖੇ ਖਾਲਸਾ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸਹਿਜ ਪਾਠਾਂ ਦੇ ਭੋਗ ਪਾਏ ਗਏ ਅਤੇ ਆਏ ਹੋਏ ਬੁਲਾਰਿਆਂ ਵੱਲੋਂ ਕਥਾ ਤੇ ਗੁਰ-ਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਸ਼ਬਦ ਗੁਰੂ ਪ੍ਰਚਾਰ ਲਹਿਰ ਤਹਿਤ ਜਿੱਥੇ-ਜਿੱਥੇ ਦੀਵਾਨ ਸਜਾਏ ਗਏ ਸਨ ਉਨ੍ਹਾਂ ਪਿੰਡਾਂ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ ਸਿੰਘਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਮੁੱਖ ਤੌਰ ਤੇ ਸ਼ਾਮਿਲ ਹੋਏ ‘ਮਹਿਕ ਵਤਨ ਦੀ ਲਾਈਵ’ ਬਿਓਰੋ ਦੇ ਮੁੱਖ ਸੰਪਾਦਕ ਸ. ਭਵਨਦੀਪ ਸਿੰਘ ਪੁਰਬਾ ਨੂੰ ਉਨ੍ਹਾਂ ਦੀਆਂ ਆਪਣੀ ਪੱਤਰਕਾਰੀ ਰਾਹੀਂ ਸਿੱਖੀ ਦੇ ਪ੍ਰਚਾਰ ਅਤੇ ਪ੍ਰਸ਼ਾਰ ਰਾਹੀਂ ਨਿਭਾਈਆਂ ਜਾ ਰਹੀਆਂ ਸੇਵਾਂਵਾਂ ਦੀ ਬਦੌਲਤ ਉਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾ ਤੋਂ ਇਲਾਵਾ ਗਿਆਨੀ ਗੁਰਦੀਪ ਸਿੰਘ ਦੀਪ, ਗਿਆਨੀ ਰਾਜਵਿੰਦਰ ਸਿੰਘ, ਭਾਈ ਬਲਜਿੰਦਰ ਸਿੰਘ ਸੇਖੋਂ ਖੁਖਰਾਣਾ, ਹਰਪ੍ਰੀਤ ਸਿੰਘ ਸੇਖੋਂ, ਸ. ਊਧਮ ਸਿੰਘ ਕਲਕੱਤਾ ਆਦਿ ਮੁੱਖ ਤੌਰ ਤੇ ਹਾਜਿਰ ਸਨ।

ਫੋਟੋ ਕੈਪਸ਼ਨ: ‘ਮਹਿਕ ਵਤਨ ਦੀ ਲਾਈਵ’ ਬਿਓਰੋ ਦੇ ਮੁੱਖ ਸੰਪਾਦਕ ਸ. ਭਵਨਦੀਪ ਸਿੰਘ ਪੁਰਬਾ ਨੂੰ ਸਨਮਾਨਿਤ ਕਰਦੇ ਹੋਏ ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ, ਗਿਆਨੀ ਪ੍ਰਮਿੰਦਰ ਸਿੰਘ ਅਨੰਦਪੁਰ ਸਾਹਿਬ ਵਾਲੇ

# ਅਸ਼ੋਕ ਕਟਾਰੀਆ ਨੇ ਗ੍ਰਾਮ ਪੰਚਾਇਤ ਕਾਠਗੜ੍ਹ ਅਤੇ ਕਾਠਗੜ੍ਹ ਖੁਰਦ ਨੂੰ ਵਿਕਾਸ ਕਾਰਜਾਂ ਲਈ 2-2ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ

## ਸੇਵਾਦਾਰ ਸਾਂਈ ਕਾਲੇਸ਼ਾਹ ਜੀ ਨੇ ਅਸ਼ੋਕ ਕਟਾਰੀਆ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਦਾ ਕੀਤਾ ਧੰਨਵਾਦ



**ਨਵਾਂਸ਼ਹਿਰ /ਕਾਠਗੜ੍ਹ 19 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਸ਼ੋਕ ਕਟਾਰੀਆ ਨੇ ਕਾਠਗੜ੍ਹ ਖੇਤਰ ਦੇ ਵੱਖ ਵੱਖ ਪਿੰਡਾਂ ਦਾ ਦੋਰਾ ਕਰਦਿਆਂ ਕਾਠਗੜ੍ਹ ਅਤੇ ਕਾਠਗੜ੍ਹ ਖੁਰਦ ਦੀਆਂ ਪੰਚਾਇਤਾਂ ਨੂੰ 2-2 ਲੱਖ ਰੁਪਏ ਦੀਆਂ ਗ੍ਰਾਂਟਾਂ ਦੇ ਚੈਂਕ ਸਰਪੰਚਾਂ ਨੂੰ ਵੰਡੇ ਇਸ ਮੌਕੇ ਉਨ੍ਹਾਂ ਨਾਲ ਪਾਰਟੀ ਆਗੂ ਜਸਵੀਰ ਸਿੰਘ ਘੁੰਮਣ ਨੰਬਰਦਾਰ ਅਤੇ ਬਲਾਕ ਸੰਮਤੀ ਮੈਂਬਰ ਸੁਰੇਸ਼ ਕੁਮਾਰ ਪੈਨੀ ਪਹਿਲਵਾਨ ਵੀ ਹਾਜ਼ਰ ਸਨ। ਕਾਠਗੜ੍ਹ ਦੀ ਸਰਪੰਚ ਸ੍ਰੀਮਤੀ ਰਿਸ਼ੂ ਬਾਲਾ ਦੇ ਗ੍ਰਿਹ ਵਿਖੇ ਇੱਕ ਸੰਖੇਪ ਸਮਾਗਮ ਦੇ ਦੋਰਾਨ ਅਸ਼ੋਕ ਕਟਾਰੀਆ ਨੇ ਰਹਿੰਦੇ ਵਿਕਾਸ ਕਾਰਜਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਅਤੇ ਇਸ ਮੌਕੇ ਸੇਵਾਦ-ਾਰ ਸਾਂਈ ਕਾਲੇਸ਼ਾਹ ਜੀ ਅਤੇ ਸਰਪੰਚ ਰਿਸ਼ੂ ਬਾਲਾ ਨੂੰ 2ਲੱਖ ਰੁਪਏ ਦਾ ਚੈੱਕ ਰਵਿਦਾਸ ਮਹਾਰਾਜ ਜੀ ਦੇ ਮੰਦਿਰ ਲਈ ਭੇਂਟ ਕੀਤਾ ਅਤੇ ਕਾਠਗੜ੍ਹ ਖੁਰਦ ਸਰਪੰਚ ਰਾਜ ਰਾਣੀ ਅਤੇ ਉਸ ਦੀ ਪੰਚਾਇਤ ਨੂੰ ਗਲੀਆਂ ਨਾਲੀਆਂ ਦੇ ਵਿਕਾਸ ਕਾਰਜਾਂ ਲਈ 2 ਲੱਖ ਦਾ ਚੈੱਕ ਭੇਂਟ ਕੀਤੀ ਇਸ ਮੌਕੇ ਅਸ਼ੋਕ ਕਟਾਰੀਆ ਨੇ ਕਿਹਾ ਕਾਠਗੜ੍ਹ ਚੋਅ ਤੇ ਜਲਦੀ ਪੁੱਲ ਬਣਾਉਣ ਦੀ ਯੋਜਨਾ ਜਾਰੀ ਹੈ ਜਿਸ ਨੂੰ ਜਲਦੀ ਬਣਾਇਆ ਜਾਵੇਗਾ ਇਸ ਮੌਕੇ ਸਾਂਈ ਕਾਲੇਸ਼ਾਹ ਜੀ ਨੇ ਅਸ਼ੋਕ ਕਟਾਰੀਆ ਅਤੇ ਉਨ੍ਹਾਂ ਦੇ ਨਾਲ ਹੋਰ ਆਏ ਹੋਏ ਪਾਰਟੀ ਵਰਕਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ।ਇਸ ਮੌਕੇ ਸਾਬਕਾ ਸਰਪੰਚ ਡਾ ਜੋਗਿੰਦਰ ਪਾਲ ਦੱਤ, ਸਾਬਕਾ ਸ਼ੁਭਾਸ਼ ਆਨੰਦ, ਪੰਚ ਅਨਿਲ ਸ਼ਰਮਾ, ਪੰਚ ਸੀਮਾ ਰਾਣੀ, ਚੋਧਰੀ ਜੈ ਚੰਦ, ਰਕੇਸ਼ ਭਾਟੀਆ, ਸਤਿੰਦਰ ਸ਼ਰਮਾ, ਰਾਜ ਕੁਮਾਰ ਆਨੰਦ ਮਾਰਕੀਟ ਪ੍ਰਧਾਨ, ਕ੍ਰਿਸ਼ਨ ਕੁਮਾਰ, ਜੀਤ ਰਾਮ ਫੋਜੀ, ਰਾਮ ਪਾਲ ਫੋਜੀ ਰਾਮ ਲਾਲ, ਮਾਸਟਰ ਗਿਆਨ ਕਟਾਰੀਆ, ਬਲਵੀਰ ਚੋਧਰੀ, ਰਾਜੂ, ਚੋਧਰੀ ਮੋਨੂੰ ਅਤੇ ਰਜਨੀਸ਼ ਆਨੰਦ ਆਦਿ ਸਮੇਤ ਹੋਰ ਵੀ ਨਗਰ ਨਿਵਾਸੀ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਗੇਂਟਾ ਰਿਪੋਰਟ ਲਾਗੂ ਨਾ ਕਰਨ ਵਿਰੁੱਧ ਵਿਧਾਨ ਸਭਾ ਚੋਣਾਂ ਵਿੱਚ " ਆਪ" ਵਿਰੁੱਧ ਆਵਾਜ਼ ਬੁਲੰਦ ਕਰਨ ਦਾ ਐਲਾਨ

**●ਪੰਜਾਬ ਦੀਆਂ ਵਿਰੋਧੀ ਪਾਰਟੀਆਂ ਨੂੰ ਵੀ ਵਿਧਾਨ ਸਭਾ ਚੋਣਾਂ ਵਿੱਚ ਸਮਾਜ ਦੇ ਮੁਦਿਆਂ ਦੇ ਹੱਲ ਲਈ ਘੇਰਨ ਦਾ ਫੈਸਲਾ ●2027 ਦੀਆਂ ਚੋਣਾਂ ਵਿੱਚ ਰਣਨੀਤੀ ਘੜਨ ਲਈ ਚੇਅਰਮੈਨ ਦੀ ਅਗਵਾਈ ਵਿੱਚ 5 ਮੇਂਬਰੀ ਕਮੇਟੀ ਦਾ ਗਠਨ**






**ਕਪੂਰਥਲਾ,19 ਅਪ੍ਰੈਲ ( ਕੌੜਾ )-** ਦੇਸ਼ ਭਗਤ ਯਾਦਗਾਰ ਜਲੰਧਰ ਵਿਖ਼ੇ ਗਜ਼ਟਿਡ ਐਂਡ ਨਾਨ ਗਜ਼ਟਿਡ ਐਸ ਸੀ / ਬੀ ਸੀ ਇੰਪਲਾਇਜ਼ ਵੈਲਫ਼ੇਅਰ ਫੇਡਰੇਸ਼ਨ (ਰਾਜੀ ) ਪੰਜਾਬ, ਜੋਇੰਟ ਐਕਸ਼ਨ ਕਮੇਟੀ 22 ਐਸ ਸੀ/ ਬੀ ਸੀ ਇੰਪਲਾਇਜ਼ ਐਂਡ ਸੋਸ਼ਲ ਆਰਗੈਨਿਸਾਸ਼ਨਸ ਪੰਜਾਬ, ਐਸ ਸੀ ਬੀ ਸੀ ਪੈਨਸ਼ਨਰਸ ਵੈਲਫ਼ੇਅਰ ਐਸੋਸੀਏਸ਼ਨ ਪੰਜਾਬ ਅਤੇ ਅੰਬੇਡਕਰ ਮਿਸ਼ਨ ਕਲੱਬ (ਰਜਿ ) ਪੰਜਾਬ ਨੇ ਸਾਂਝੇ ਤੌਰ ਤੇ ਚੇਅਰਮੈਨ ਜਸਬੀਰ ਸਿੰਘ ਪਾਲ, ਪ੍ਰਧਾਨ ਕੁਲਵਿੰਦਰ ਸਿੰਘ ਬੋਦਲ ਅਤੇ ਵਾਇਸ ਚੇਅਰਮੈਨ ਬਲਰਾਜ ਕੁਮਾਰ ਅਮਰਜੀਤ ਖਟਕੜ ਸਲਾਹਕਾਰ ਅਤੇ ਪ੍ਰਿੰਸੀਪਲ ਕ੍ਰਿਸ਼ਨ ਲਾਲ ਫਰੀਦਕੋਟ ਦੀ ਅਗਵਾਈ ਵਿੱਚ ਕਾਂਫ੍ਰੇਂਸ ਹੋਈ ਜਿਸ ਵਿੱਚ ਪੰਜਾਬ ਦੇ ਕੋਨੇ ਕੋਨੇ ਤੋਂ ਮੈਂਬਰ ਅਤੇ ਸਮੂਹ ਅਹੁਦੇਦਾਰ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ ਲ ਜਿਸ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਦਾ 135ਵਾਂ ਜਨਮਦਿਨ ਅਤੇ ਫੇਡਰੇਸ਼ਨ ਦਾ 31ਵਾਂ ਸਥਾਪਨਾ ਦਿਵਸ ਮਨਾਇਆ ਗਿਆ ।

ਇਸ ਮੌਕੇ ਸ਼੍ਰੀ ਗੁਰੂ ਰਵਿਦਾਸ ਦਾ ਵਿਸ਼ਾਲ ਧਾਰਮਿਕ ਸਥਾਨ ਅਤੇ ਚਰਨ ਗੰਗਾ ਖੁਰਾਲਗੜ੍ਹ ਦੇ ਮੁਖ ਸੇਵਾਦਾਰ ਸੰਤ ਸੁਰਿੰਦਰ ਦਾਸ ਜੀ ਨੇ ਆਪਣੇ ਵਿਚਾਰਾਂ ਰਹੀ ਫੇਡਰੇਸ਼ਨ ਵੱਲੋ ਭਾਰਤੀ ਸੰਵਿਧਾਨ ਅਤੇ ਰਾਖਵਾਂਕਰਨ ਬਚਾਓ, ਸਮਾਜ ਦੇ ਕਮਜ਼ੋਰ ਵਰਗਾਂ ਨੂੰ ਸੰਵਿਧਾਨ ਨੂੰ ਬਚਾਉਣ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਲਈ ਚਲਾਏ ਜਾ ਰਹੇ ਅੰਦੋਲਨ ਦੀ ਪ੍ਰਸ਼ਸ਼ਾਂ ਕੀਤੀ ਓਹਨਾ ਨੇ ਮਾਨਵਟਾ ਅਤੇ ਮਨੁੱਖਤਾ ਦੇ ਭਲੇ ਲਈ ਹੋਰ ਮਜਬੂਤੀ ਨਾਲ ਕੰਮ ਕਰਨ ਦਾ ਅਸ਼ੀਰਵਾਦ ਦਿੰਦੇ ਹੋਏ ਐਲਾਨ ਕੀਤਾ ਕੇ ਕਿ ਜਥੇਬੰਦੀ ਦਾ ਵੱਧ ਚੜ ਕੇ ਸਾਥ ਦਵਾਂਗੇ ।

ਉਕਤ ਨੇ ਬਾਬਾ ਸਾਹਿਬ ਦੇ ਬੁੱਤ ਹਜਾਰਾਂ ਦੀ ਗਿਣਤੀ ਵਿੱਚ ਸਥਾਪਿਤ ਕਰਨ ਦੀ ਪ੍ਰੇਰਨਾ ਕਰਦੇ ਹੋਏ ਸਮਾਜ ਉਹ ਵਿਰੋਧੀਆਂ ਨੂੰ ਜਵਾਬ ਦੇਣ ਲਈ ਇਸਨੂੰ ਢੁੱਕਵਾਂ ਤਰੀਕਾ ਐਲਾਨ ਕੀਤਾ ਇਸ ਸਮੇ ਮੈਂਬਰ ਪਾਰਲੀਮੈਂਟ ਰਾਜ ਸਭਾ ਕਰਮਬੀਰ ਬੋਧ ਨੇ ਸਰਕਾਰਾਂ ਵੱਲੋ ਭਾਰਤੀ ਸੰਵਿਧਾਨ ਵਿੱਚ ਗਰੀਬਾਂ ਮਹਿਲਾਵਾਂ ਘੱਟ ਗਿਣਤੀਆ ਦੇ ਹੱਕਾਂ ਦੀ ਰੱਖੀਂ ਨਾ ਕਰਨ ਤੇ ਕੇਂਦਰ ਅਤੇ ਰਾਜ ਸਾਰਕਰਾਂ ਦੀ ਅਲੋਚਨਾ ਕੀਤੀ ਲ ਓਹਨਾਂ ਨੇ ਫੇਡਰੇਸ਼ਨ ਦੇ ਹਰ ਸੰਘਰਸ਼ ਵਿੱਚ ਸਹਿਯੋਗ ਦਾ ਭਰੋਸਾ ਦਿੰਦੇ ਹੋਏ ਸਮਾਜਿਕ ਏਕਤਾ ਮਜਬੂਤ ਕਰਨ ਦੀ ਅਪੀਲ ਕੀਤੀ ਇਸ ਸਮੇ ਸੰਤ ਤੇਜਾ ਸਿੰਘ ਐਮ ਏ ਮੁੱਖੀ ਗੁਰੂਸਰ ਡੇਰਾ ਖੁੱਡਾ ਅਤੇ ਸੰਤ ਜਸਪਾਲ ਸਿੰਘ ਗੱਦੀ ਨਸ਼ੀਨ ਉਡਰਾਂ ਨੇ ਵੀ ਆਪਣੇ ਵਿਚਾਰਾਂ ਰਾਹੀਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕੇ ਸਮਾਜ ਦੇ 31 ਨੁਕਤਿਆਂ ਤੇ ਸਮਾਜ ਵਲੋਂ ਵਧੀਕ ਮੁਖ ਸਕੱਤਰ ਰਮੇਸ਼ ਕੁਮਾਰ ਗੇਂਟਾ ਵਲੋਂ 16.08.2023 ਨੂੰ ਕੈਬਿਨੇਟ ਸਬ ਕਮੇਟੀ ਦੇ ਚੇਅਰਮੈਨ ਵਿੱਤ ਮੰਤਰੀ ਪੰਜਾਬ ਨੂੰ ਪੇਸ਼ ਕੀਤੀ ਜਾ ਚੁਕੀ ਰਿਪੋਰਟ ਨੂੰ ਅਮਲੀ ਜਾਮਾ ਪਹਿਨਉਣ ਜਾਵੇ ਪ੍ਰਧਾਨਗੀ ਮੰਡਲ ਨੇ ਪੰਜਾਬ ਸਰਕਾਰ ਦੇ ਦਲਿਤ ਅਤੇ ਪੱਛੜੇ ਵਤੀਰੇ ਵਿਰੁੱਧ ਵਿਧਾਨ ਸਭਾ ਚੋਣਾਂ 2027 ਵਿੱਚ ਸੁਪੜਾ ਸਾਫ ਕਰਨ ਦਾ ਮਤਾ ਪਾਸ ਕੀਤਾ ਲ ਸਮੂਹ ਬੁਲਾਰਿਆ ਨੇ 2027 ਦੀਆਂ ਚੋਣਾਂ ਵਿੱਚ ਫੇਡਰੇਸ਼ਨ ਅਤੇ ਜੋਇਟ ਐਕਸ਼ਨ ਕਮੇਟੀ ਵਲੋਂ ਪੂਰੀ ਲਾਮਬੰਦੀ ਦੀ ਮੁਹਿੰਮ ਵਿੱਡਣ ਦਾ ਫੈਸਲਾ ਕੀਤਾ । ਜਿਸ ਸੰਬੰਧੀ ਜਸਬੀਰ ਸਿੰਘ ਪਾਲ ਚੇਅਰਮਨ ਦੀ ਅਗਵਾਈ ਵਿੱਚ 5 ਮੇਂਬਰੀ ਕਮੇਟੀ ਦਾ ਐਲਾਨ ਕੀਤਾ ਅਤੇ ਇਸ ਕਮੇਟੀ ਨੂੰ ਸਾਰੇ ਫ਼ੈਸਲੇ ਕਰਨ ਦਾ ਅਧਿਕਾਰ ਦਿੱਤਾ ਗਿਆ।

ਉਕਤ ਮੀਟਿੰਗ ਨੂੰ ਜਸਬੀਰ ਸਿੰਘ ਪਾਲ , ਬਲਰਾਜ ਕੁਮਾਰ , ਅਮਰਜੀਤ ਖਟਕੜ, ਸਤਵੰਤ ਸਿੰਘ ਤੂਰਾ ਕਪੂਰਥਲਾ, ਸੁੱਖਵਿੰਦਰ ਕਾਲੀ , ਜੋਗਾ ਸਿੰਘ, ਸੁਭਾਸ਼ ਚੰਦਰ, ਹਰਵਿੰਦਰ ਸਿੰਘ ਬੀ ਐੱਸ ਐਨ ਐਲ, ਬਲਦੇਵ ਸਿੰਘ ਧੁਗਾ, ਮਨਿੰਦਰ ਸਿੰਘ, ਬਲਜੀਤ ਸਿੰਘ, ਮਨੋਹਰ ਲਾਲ, ਗੁਰਜੰਟ ਸਿੰਘ, ਵੀਰ ਸਿੰਘ, ਬਲਵੰਤ ਸਿੰਘ, ਭੁਪਿੰਦਰ ਸਿੰਘ, ਬੰਤ ਸਿੰਘ, ਗੁਰਜਿੰਦਰਪਾਲ , ਮਨਜੀਤ ਗਾਟ ਫ਼ਗਵਾੜਾ, ਹਰਮੇਸ਼ ਲਾਲ ਘੇੜਾ, ਬਲਵਿੰਦਰ ਸਿੰਘ, ਲਖਵੀਰ ਸਿੰਘ, ਬਲਜੀਤ ਸਿੰਘ, ਲਖਵਿੰਦਰ ਰਾਮ, ਪ੍ਰਭਜੋਤ ਸਿੰਘ, ਧਰਮਿੰਦਰ ਸਿੰਘ, ਲਖਵੀਰ ਸਿੰਘ, ਹਰਵਿੰਦਰ ਭੱਠਲ, ਤਰਸੇਮ ਲਾਲ ਬੰਗਾ, ਸ਼ਿਵ ਸਿੰਘ ਬੰਗੜ, ਗੁਰਦਿਆਲ ਸਿੰਘ ਫੁੱਲ, ਅਮਰਜੀਤ ਸਿੰਘ, ਸੁਰਿੰਦਰ ਕੁਮਾਰ, ਲਛਮਣ ਸਿੰਘ ਆਦਿ ਬੁਲਾਰਿਆ ਨੇ ਸੰਬੋਧਨ ਕੀਤਾ ।

# ਵੈਸਟ ਬ੍ਰੋਮਵਿਚ 'ਚ ਬਹੁਤ ਧੂਮ ਧਾਮ ਨਾਲ ਮਨਾਇਆ ਪੰਜਾਬੀ ਸੱਭਿਆਚਾਰ ਦਿਵਸ

## ਵੱਡੀ ਗਿਣਤੀ ਚ ਪੰਜਾਬੀ ਭਾਈਚਾਰੇ ਨੇ ਕੀਤੀ ਸਿਰਹਤ




**ਸਮਾਗਮ ਵਿੱਚ ਹਾਜ਼ਰ ਪੰਜਾਬੀ ਭਾਈਚਾਰੇ ਦੇ ਲੋਕ ਅਤੇ ਪ੍ਰਮੁੱਖ ਸ਼ਖਸ਼ੀਅਤਾਂ!**

**ਲੈਸਟਰ (ਇੰਗਲੈਂਡ), 19 ਅਪ੍ਰੈਲ (ਸੁਖਜਿੰਦਰ ਸਿੰਘ ਢੱਡੇ)-** ਵੈਸਟ ਬ੍ਰੋਮਵਿਚ ਵਿਖੇ ਸਥਾਨਕ ਸੈਂਟਰਲ ਲਾਇਬ੍ਰੇਰੀ 'ਚ ਮਨਾਇਆ ਗਿਆ ਪੰਜਾਬੀ ਸੱਭਿਆਚਾਰ ਦਿਵਸ ਬਹੁਤ ਹੀ ਉਤਸ਼ਾਹਪੂਰਵਕ ਅਤੇ ਕਾਮਯਾਬੀ ਨਾਲ ਸੰਪੰਨ ਹੋਇਆ, ਇਸ ਸਮਾਗਮ ਚ ਵੱਡੀ ਗਿਣਤੀ ਚ ਪੰਜਾਬੀ ਭਾਈਚਾਰੇ ਨੇ ਸ਼ਿਰਕਤ ਕੀਤੀ ਅਤੇ ਇਸ ਸਮਾਗਮ ਦੀ ਭਰਪੂਰ ਸਲਾਘਾ ਕੀਤੀ 1

ਪ੍ਰੋਫੈਸਰ ਰਸਪਾਲ ਕੌਰ ਸਿੰਘ ਦੀ ਪਹਿਲਕਦਮੀ ਨਾਲ ਕਰਵਾਏ ਗਏ ਇਸ ਵਿਸ਼ੇਸ਼ ਸਮਾਗਮ ਨੇ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਪ੍ਰਤੀ ਵਿਦੇਸ਼ ਵਸਦੇ ਪੰਜਾਬੀਆਂ ਦੀ ਡੂੰਘੀ ਨਿਭਾਵਟ ਨੂੰ ਦਰਸਾਇਆ। ਪ੍ਰੋਫੈਸਰ ਸਿੰਘ, ਜੋ ਕਿ ਭਾਰਤ ਵਿੱਚ ਪੰਜਾਬੀ ਲੈਕਚਰਾਰ ਵਜੋਂ ਸੇਵਾਵਾਂ ਨਿਭਾ ਚੁੱਕੇ ਹਨ, ਪਿਛਲੇ ਕਰੀਬ 25 ਸਾਲਾਂ ਤੋਂ ਵਿਦੇਸ਼ ਵਿੱਚ ਰਹਿੰਦੇ ਹੋਏ ਵੀ ਮਾਂ-ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਲਗਾਤਾਰ ਯਤਨਸ਼ੀਲ ਹਨ। ਵਰਤਮਾਨ ਵਿੱਚ ਉਹ ਇੰਗਲੈਂਡ ਵਿੱਚ ਕਮਿਊਨਿਟੀ ਇੰਗੇਜਮੈਂਟ ਦੇ ਖੇਤਰ ਵਿੱਚ ਸਰਗਰਮ ਭੂਮਿਕਾ ਨਿਭਾ ਰਹੇ ਹਨ। ਸਮਾਗਮ ਦੀ ਸਫਲਤਾ ਵਿੱਚ ਸ੍ਰੀਮਤੀ ਸ਼ਰਨ ਕੌਰ ਢੇਸੀ ਦਾ ਵੀ ਅਹਿਮ ਯੋਗਦਾਨ ਰਿਹਾ, ਜਿਨ੍ਹਾਂ ਨੇ ਪ੍ਰਬੰਧਕੀ ਜ਼ਿੰਮੇਵਾਰੀਆਂ ਨੂੰ ਸੁਚੱਜੇ ਢੰਗ ਨਾਲ ਨਿਭਾਇਆ।

ਸਮਾਗਮ ਦੀ ਖਾਸ ਵਿਸ਼ੇਸ਼ਤਾ ਇਹ ਰਹੀ ਕਿ ਪੂਰਾ ਪ੍ਰੋਗਰਾਮ ਪੰਜਾਬੀ ਭਾਸ਼ਾ ਵਿੱਚ ਹੀ ਕਰਵਾਇਆ ਗਿਆ, ਜਿਸ ਵਿੱਚ ਤਿੰਨ ਪੀੜ੍ਹੀਆਂ—ਬੱਚੇ, ਨੌਜਵਾਨ ਅਤੇ ਬਜ਼ੁਰਗ—ਇਕੱਠੇ ਸ਼ਾਮਲ ਹੋਏ ਅਤੇ ਆਪਣੇ ਸੱਭਿਆਚਾਰ ਨਾਲ ਜੋੜ ਮਜ਼ਬੂਤ ਕੀਤਾ। ਮੰਚ 'ਤੇ ਕਵਿਤਾਵਾਂ, ਲੋਕ-ਗੀਤਾਂ ਅਤੇ ਪੰਜਾਬੀ ਇਤਿਹਾਸ ਨਾਲ ਸੰਬੰਧਿਤ ਵਿਚਾਰਾਂ ਦੀ ਪੇਸ਼ਕਸ਼ ਕੀਤੀ ਗਈ, ਜਿਸ ਨੇ ਦਰਸ਼ਕਾਂ ਨੂੰ ਭਾਵੁਕ ਅਤੇ ਪ੍ਰੇਰਿਤ ਕੀਤਾ। ਨੌਜਵਾਨਾਂ ਵੱਲੋਂ ਸਟੇਜ ਸੰਚਾਲਨ ਅਤੇ ਸਮੂਹ ਪ੍ਰਬੰਧ ਦੀ ਜ਼ਿੰਮੇਵਾਰੀ ਸੰਭਾਲਣਾ ਸਮਾਗਮ ਦੀ ਇੱਕ ਹੋਰ ਵੱਡੀ ਖਾਸੀਅਤ ਰਹੀ, ਜਿਸ ਨਾਲ ਉਨ੍ਹਾਂ ਵਿੱਚ ਅਗਵਾਈ ਦੇ ਗੁਣ ਸਪੱਸ਼ਟ ਤੌਰ 'ਤੇ ਸਾਹਮਣੇ ਆਏ ਅਤੇ ਹਾਜ਼ਰੀਨ ਵੱਲੋਂ ਇਸ ਦੀ ਖੂਬ ਪ੍ਰਸ਼ੰਸਾ ਕੀਤੀ ਗਈ।

ਸਥਾਨਕ ਸਪਾਂਸਰਾਂ ਦੇ ਸਹਿਯੋਗ ਨਾਲ ਸਮਾਗਮ ਦੌਰਾਨ ਖਾਣ-ਪੀਣ ਦਾ ਮੁਫ਼ਤ ਪ੍ਰਬੰਧ ਕੀਤਾ ਗਿਆ, ਜਿਸ ਨਾਲ ਹਾਜ਼ਰੀਨ ਦੀ ਭਾਗੀਦਾਰੀ ਹੋਰ ਵੀ ਰੌਣਕਮਈ ਬਣੀ। ਸਮਾਗਮ ਦਾ ਮੁੱਖ ਮੰਤਵ ਪੰਜਾਬੀ ਭਾਸ਼ਾ ਨੂੰ ਉਤਸ਼ਾਹਿਤ ਕਰਨਾ, ਨਵੀਂ ਪੀੜ੍ਹੀ ਨੂੰ ਮਾਂ-ਬੋਲੀ ਨਾਲ ਜੋੜਨਾ ਅਤੇ ਉਨ੍ਹਾਂ ਵਿੱਚ ਆਤਮ-ਵਿਸ਼ਵਾਸ ਅਤੇ ਅਗਵਾਈ ਦੇ ਗੁਣ ਵਿਕਸਤ ਕਰਨਾ ਸੀ, ਜਿਸ ਵਿੱਚ ਪ੍ਰਬੰਧਕ ਪੂਰੀ ਤਰ੍ਹਾਂ ਕਾਮਯਾਬ ਰਹੇ।

ਹਾਜ਼ਰੀਨ ਵੱਲੋਂ ਸਮਾਗਮ ਨੂੰ 100 ਫੀਸਦੀ ਸਕਾਰਾਤਮਕ ਪ੍ਰਤੀਕਿਰਿਆ ਮਿਲੀ ਅਤੇ ਕਈਆਂ ਨੇ ਇਸਨੂੰ "ਭਾਵੁਕ ਅਤੇ ਸਮੇਂ ਦੀ ਲੋੜ" ਕਰਾਰ ਦਿੱਤਾ। ਇਸ ਮੌਕੇ ਪ੍ਰੋਫੈਸਰ ਰਸਪਾਲ ਕੌਰ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਜੇ ਅਸੀਂ ਆਪਣੀ ਮਾਂ-ਬੋਲੀ ਨੂੰ ਗੁਆ ਬੈਠੇ ਤਾਂ ਅਸੀਂ ਆਪਣੀਆਂ ਜੜ੍ਹਾਂ ਨਾਲੋਂ ਟੁੱਟ ਜਾਵਾਂਗੇ, ਪਰ ਇਸ ਤਰ੍ਹਾਂ ਦੇ ਸਾਂਝੇ ਸਮਾਗਮਾਂ ਰਾਹੀਂ ਅਸੀਂ ਉਸ ਨੂੰ ਹੋਰ ਮਜ਼ਬੂਤ ਕਰ ਸਕਦੇ ਹਾਂ।

ਅੰਤ ਵਿੱਚ ਪ੍ਰਬੰਧਕਾਂ ਵੱਲੋਂ ਆਸ ਪ੍ਰਗਟਾਈ ਗਈ ਕਿ ਪੰਜਾਬੀ ਸੱਭਿਆਚਾਰ ਦਿਵਸ ਨੂੰ ਹੁਣ ਹਰ ਸਾਲ ਨਿਯਮਿਤ ਤੌਰ 'ਤੇ ਮਨਾਇਆ ਜਾਵੇਗਾ, ਤਾਂ ਜੋ ਵਿਦੇਸ਼ਾਂ ਵਿੱਚ ਵੀ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀ ਰੌਣਕ ਕਾਇਮ ਰਹੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਇਸਦੀ ਵਿਰਾਸਤ ਸੁਰੱਖਿਅਤ ਢੰਗ ਨਾਲ ਪਹੁੰਚ ਸਕੇ।ਇਸ ਮੌਕੇ ਤੇ ਪ੍ਰਮੁੱਖ ਸਖਸੀਅਤਾ ਦਾ ਸਨਮਾਨ ਵੀ ਕੀਤਾ ਗਿਆ!

# ਲੈਸਟਰ 'ਚ ਵਿਸਾਖੀ ਮੌਕੇ ਗੁਰਦੁਆਰਾ ਰਾਮਗੜ੍ਹੀਆ ਸਾਹਿਬ ਵਿਖੇ ਵਿਸ਼ਾਲ ਜੋੜ ਮੇਲ, ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਨਾਲ ਖਾਲਸਾਈ ਰੰਗ ਚ ਰੰਗਿਆ ਗਿਆ ਇਲਾਕਾ








**ਲੈਸਟਰ ਦੇ ਗੁਰਦੁਆਰਾ ਰਾਮਗੜੀਆ ਸਾਹਿਬ ਰਾਮਦਾਸ ਵੇਅ ਵਿਖੇ ਮਨਾਏ ਗਏ ਧਾਰਮਿਕ ਜੋੜ ਮੇਲ ਵਿਸਾਖੀ ਦੀਆਂ ਵੱਖ ਵੱਖ ਤਸਵੀਰਾਂ! ਤਸਵੀਰਾਂ :- ਸੁਖਜਿੰਦਰ ਸਿੰਘ ਢੱਡੇ**

**ਲੈਸਟਰ (ਇੰਗਲੈਂਡ), 19 ਅਪ੍ਰੈਲ (ਸੁਖਜਿੰਦਰ ਸਿੰਘ ਢੱਡੇ)–** ਖਾਲਸਾ ਸਾਜਨਾ ਦਿਵਸ ਵਿਸਾਖੀ ਦੇ ਪਵਿੱਤਰ ਮੌਕੇ 'ਤੇ ਇੰਗਲੈਂਡ ਦੇ ਸ਼ਹਿਰ ਲੈਸਟਰ ਦੇ ਗੁਰਦੁਆਰਾ ਰਾਮਗੜ੍ਹੀਆ ਸਾਹਿਬ ਰਾਮਦਾਸ ਵੇਅ ਵਿਖੇ ਵਿਸ਼ਾਲ ਜੋੜ ਮੇਲ ਬੜੇ ਹੀ ਉਤਸ਼ਾਹ, ਧੂਮਧਾਮ ਅਤੇ ਧਾਰਮਿਕ ਸ਼ਰਧਾ ਨਾਲ ਮਨਾਇਆ ਗਿਆ। ਇਸ ਵਿਸ਼ਾਲ ਸਮਾਗਮ ਦੌਰਾਨ ਹਜ਼ਾਰਾਂ ਦੀ ਗਿਣਤੀ 'ਚ ਸੰਗਤਾਂ ਨੇ ਹਾਜ਼ਰੀ ਭਰਕੇ ਮਾਹੌਲ ਨੂੰ ਪੂਰੀ ਤਰ੍ਹਾਂ ਪੰਜਾਬੀ ਅਤੇ ਖਾਲਸਾਈ ਰੰਗਾਂ ਨਾਲ ਰੰਗ ਦਿੱਤਾ, ਜਿੱਥੇ ਹਰ ਪਾਸੇ ਖੁਸ਼ੀ ਅਤੇ ਰੌਣਕ ਦਾ ਮਾਹੌਲ ਦੇਖਣ ਨੂੰ ਮਿਲਿਆ।

ਸਮਾਗਮ ਦੀ ਖਾਸ ਵਿਸ਼ੇਸ਼ਤਾ ਇਹ ਰਹੀ ਕਿ ਗੁਰਦੁਆਰਾ ਸਾਹਿਬ ਦੇ ਆਲੇ-ਦੁਆਲੇ ਖੁੱਲ੍ਹੀ ਜਗ੍ਹਾ ਵਿੱਚ ਵੱਖ-ਵੱਖ ਚਟਾਲਾਂ ਲਗਾ ਕੇ ਅਨੇਕਾਂ ਕਿਸਮਾਂ ਦੇ ਰਵਾਇਤੀ ਪੰਜਾਬੀ ਪਕਵਾਨਾਂ ਦੇ ਲੰਗਰ ਲਗਾਏ ਗਏ। ਸੰਗਤਾਂ ਨੇ ਬੜੇ ਹੀ ਚਾਵ ਅਤੇ ਸ਼ਰਧਾ ਨਾਲ ਲੰਗਰ ਛਕਿਆ ਅਤੇ ਸੇਵਾਦਾਰਾਂ ਨੇ ਵੀ ਪੂਰੇ ਉਤਸ਼ਾਹ ਨਾਲ ਸੇਵਾ ਨਿਭਾਈ। ਇਸ ਦੇ ਨਾਲ ਹੀ ਵੱਖ-ਵੱਖ ਕਿਸਮ ਦੀਆਂ ਦੁਕਾਨਾਂ ਵੀ ਲਗਾਈਆਂ ਗਈਆਂ, ਜਿੱਥੇ ਲੋਕਾਂ ਨੇ ਖਰੀਦਦਾਰੀ ਕਰਦੇ ਹੋਏ ਇਸ ਧਾਰਮਿਕ ਸਮਾਗਮ ਦੀ ਰੌਣਕ ਨੂੰ ਹੋਰ ਵਧਾਇਆ। ਇਹ ਸਾਰਾ ਦ੍ਰਿਸ਼ ਪੰਜਾਬ ਦੇ ਕਿਸੇ ਪੇਂਡੂ ਵਿਸਾਖੀ ਜੋੜ ਮੇਲ ਦੀ ਜੀਵੰਤ ਝਲਕ ਪੇਸ਼ ਕਰਦਾ ਨਜ਼ਰ ਆਇਆ, ਜਿੱਥੇ ਪਰਿਵਾਰਾਂ ਸਮੇਤ ਪਹੁੰਚੇ ਲੋਕਾਂ ਨੇ ਦਿਲ ਖੋਲ੍ਹ ਕੇ ਇਸ ਧਾਰਮਿਕ ਜੋੜ ਮੇਲ ਦਾ ਆਨੰਦ ਮਾਣਿਆ।

ਸਮਾਗਮ ਦੌਰਾਨ ਸਥਾਨਕ ਪੁਲਿਸ ਵੱਲੋਂ ਵੀ ਆਪਣੀ ਸਮਾਜਿਕ ਜ਼ਿੰਮੇਵਾਰੀ ਨਿਭਾਉਂਦਿਆਂ ਖਾਸ ਭਾਗੀਦਾਰੀ ਕੀਤੀ ਗਈ। ਪੁਲਿਸ ਅਧਿਕਾਰੀਆਂ ਨੇ ਪੰਜਾਬੀ ਭਾਈਚਾਰੇ ਦੇ ਬੱਚਿਆਂ ਨੂੰ ਐਮਰਜੰਸੀ ਸੇਵਾਵਾਂ ਅਤੇ ਸੁਰੱਖਿਆ ਪ੍ਰਬੰਧਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਬੱਚਿਆਂ ਨੂੰ ਪੁਲਿਸ ਦੇ ਸਾਜੋ-ਸਮਾਨ ਅਤੇ ਵਾਹਨਾਂ ਨਾਲ ਜਾਣੂ ਕਰਵਾਇਆ ਗਿਆ, ਜਿਸ ਨਾਲ ਉਹਨਾਂ ਵਿੱਚ ਸੁਰੱਖਿਆ ਪ੍ਰਤੀ ਜਾਗਰੂਕਤਾ ਵਧੀ ਅਤੇ ਉਹਨਾਂ ਨੇ ਇਸ ਜਾਣਕਾਰੀ ਨੂੰ ਬੜੇ ਉਤਸ਼ਾਹ ਨਾਲ ਸਵੀਕਾਰਿਆ।

ਇਸ ਦੇ ਨਾਲ ਹੀ ਨੌਜਵਾਨਾਂ ਅਤੇ ਬੱਚਿਆਂ ਲਈ ਬਾਕਸਿੰਗ, ਕਰਾਟੇ ਅਤੇ ਹੋਰ ਵੱਖ-ਵੱਖ ਖੇਡਾਂ ਦੇ ਪ੍ਰਦਰਸ਼ਨ ਅਤੇ ਮੁਕਾਬਲੇ ਵੀ ਕਰਵਾਏ ਗਏ, ਜਿਨ੍ਹਾਂ ਨੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। ਨੌਜਵਾਨ ਪੀੜ੍ਹੀ ਵੱਲੋਂ ਵਧ-ਚੜ੍ਹ ਕੇ ਹਿੱਸਾ ਲੈਣਾ ਸਮਾਗਮ ਦੀ ਇੱਕ ਵੱਡੀ ਵਿਸ਼ੇਸ਼ਤਾ ਰਿਹਾ, ਜਿਸ ਨਾਲ ਇਹ ਸਾਬਤ ਹੋਇਆ ਕਿ ਨਵੀਂ ਪੀੜ੍ਹੀ ਆਪਣੇ ਇਤਿਹਾਸ, ਸੱਭਿਆਚਾਰ ਅਤੇ ਰਵਾਇਤਾਂ ਨਾਲ ਜੁੜਨ ਲਈ ਉਤਸੁਕ ਹੈ। ਬੱਚਿਆਂ ਲਈ ਖਾਸ ਤੌਰ 'ਤੇ ਝੂਲਿਆਂ ਦਾ ਪ੍ਰਬੰਧ ਵੀ ਕੀਤਾ ਗਿਆ ਸੀ, ਜੋ ਕਿ ਛੋਟੇ ਬੱਚਿਆਂ ਲਈ ਖਿੱਚ ਦਾ ਕੇਂਦਰ ਬਣੇ ਰਹੇ ਅਤੇ ਉਹਨਾਂ ਨੇ ਖੂਬ ਮਨੋਰੰਜਨ ਕੀਤਾ।

ਇਸ ਮੌਕੇ ਗੁਰੂ ਕੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘਾਂ ਵੱਲੋਂ ਰਵਾਇਤੀ ਹਥਿਆਰਾਂ ਨਾਲ ਗਤਕੇ ਦੇ ਦਿਲਚ-ਸਪ ਅਤੇ ਰੋਮਾਂਚਕ ਜੋਹਰ ਵਿਖਾਏ ਗਏ। ਨਿਹੰਗ ਸਿੰਘਾਂ ਦੀ ਇਸ ਪੇਸ਼ਕਸ਼ ਨੇ ਸੰਗਤਾਂ ਨੂੰ ਮੋਹਿਤ ਕਰ ਦਿੱਤਾ ਅਤੇ ਪੂਰੇ ਮਾਹੌਲ ਨੂੰ ਖਾਲਸਾਈ ਰੰਗ ਵਿੱਚ ਰੰਗ ਦਿੱਤਾ। ਗਤਕੇ ਦੇ ਜੌਹਰਾਂ ਰਾਹੀਂ ਸਿੱਖੀ ਦੀ ਸ਼ਾਨ ਅਤੇ ਬਹਾਦਰੀ ਦੀ ਜੀਵੰਤ ਝਲਕ ਵੇਖਣ ਨੂੰ ਮਿਲੀ, ਜਿਸ ਦੀ ਸੰਗਤਾ ਵੱਲੋਂ ਖੂਬ ਪ੍ਰਸ਼ੰਸਾ ਕੀਤੀ ਗਈ।

ਸਮਾਗਮ ਦਾ ਮੁੱਖ ਮੰਤਵ ਸਿੱਖ ਇਤਿਹਾਸ,ਪੰਜਾਬੀ ਸੱਭਿਆਚਾਰ ਅਤੇ ਰਵਾਇਤਾਂ ਨੂੰ ਵਿਦੇਸ਼ਾਂ ਵਿੱਚ ਵੀ ਜੀਵੰਤ ਰੱਖਣਾ, ਨਵੀਂ ਪੀੜ੍ਹੀ ਨੂੰ ਆਪਣੀ ਵਿਰਾਸਤ ਨਾਲ ਜੋੜਨਾ ਅਤੇ ਉਹਨਾਂ ਨੂੰ ਆਪਣੇ ਸ਼ਾਨਾਮੱਤੇ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਣਾ ਸੀ। ਇਸ ਉਦੇਸ਼ ਵਿੱਚ ਪ੍ਰਬੰਧਕ ਕਾਫੀ ਹੱਦ ਤੱਕ ਕਾਮਯਾਬ ਰਹੇ ਅਤੇ ਸਮਾਗਮ ਨੇ ਹਰ ਵਰਗ ਦੇ ਲੋਕਾਂ 'ਤੇ ਡੂੰਘਾ ਪ੍ਰਭਾਵ ਛੱਡਿਆ।

ਅੰਤ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ, ਸੇਵਾਦਾਰਾਂ ਅਤੇ ਸਹਿਯੋਗੀਆਂ ਦਾ ਦਿਲੋਂ ਧੰਨਵਾਦ ਕੀਤਾ ਗਿਆ ਅਤੇ ਉਮੀਦ ਜਤਾਈ ਗਈ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਧਾਰਮਿਕ ਅਤੇ ਸੱਭਿਆਚਾਰਕ ਸਮਾਗਮ ਹੋਰ ਵੱਡੇ ਪੱਧਰ 'ਤੇ ਕਰਵਾਏ ਜਾਣਗੇ, ਤਾਂ ਜੋ ਵਿਦੇਸ਼ਾਂ ਵਿੱਚ ਵੀ ਸਿੱਖ ਇਤਿਹ-ਾਸ,ਪੰਜਾਬੀ ਪਛਾਣ ਅਤੇ ਵਿਰਾਸਤ ਨੂੰ ਮਜ਼ਬੂਤੀ ਮਿਲਦੀ ਰਹੇ।

# ਅਣਪਛਾਤੇ ਕਾਰ ਚਾਲਕਾਂ ਨੇ ਸਾਬਕਾ ਸਰਪੰਚ ਜਸਵਿੰਦਰ ਸਿੰਘ ਠਠਿਆਲਾ ਤੇ ਕੀਤਾ ਜਾਨਲੇਵਾ ਹਮਲਾ

**ਨਵਾਂਸ਼ਹਿਰ /ਬਲਾਚੌਰ 19 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਸਭ ਡਵੀਜ਼ਨ ਬਲਾਚੌਰ ਵਿੱਚ ਪੈਂਦੇ ਪਿੰਡ ਠਠਿਆਲਾ ਬੇਟ ਦੇ ਸਾਬਕਾ ਸਰਪੰਚ ਉੱਪਰ ਅਣਪਛਾਤੇ ਕਾਰ ਚਾਲਕਾਂ ਵੱਲੋਂ ਜਾਨ ਲੇਵਾ ਹਮਲਾ ਕੀਤੇ ਜਾਣ ਦੀ ਘਟਨਾ ਸਾਹਮਣੇ ਆਈ ਹੈ ਲ ਸਰਪੰਚ ਵਲੋਂ ਬੀਤੇ ਦਿਨ ਹੀ ਵਿਧਾਨ ਸਭਾ ਚੋਣਾਂ ਲੜਨ ਬਾਬਤ ਸੋਸ਼ਲ ਮੀਡੀਆ ਉੱਪਰ ਪੋਸਟ ਪਾਈ ਸੀ ਲ ਅੱਗੇ ਜਾਣਕਾਰੀ ਦਿੰਦੇ ਹੋਏ ਜਸਵਿੰਦਰ ਸਿੰਘ ਸਾਬਕਾ ਸਰਪੰਚ ਪਿੰਡ ਠਠਿਆਲਾ ਬੇਟ ਨੇ ਦੱਸਿਆ ਕਿ ਉਹ ਬੀਤੀ ਰਾਤ ਕਰੀਬ 10 ਵਜੇ ਬਲਾਚੌਰ ਤੋ ਪਿੰਡ ਠਠਿਆਲਾ ਬੇਟ ਨੂੰ ਆਪਣੀ ਕਾਰ ਨੰਬਰ ਪੀਬੀ 01 ਐਫ-0261 ਤੇ ਸਵਾਰ ਹੋ ਕੇ ਜਾ ਰਿਹਾ ਸੀ ਲ ਕਾਰ ਵਿੱਚ ਉਹ ਇਕੱਲਾ ਸੀ ਤੇ ਜਦ ਉਹ ਰੋਪੜ੍ਹ ਰੋਡ ਨਜ਼ਦੀਕ ਦੁਆਬਾ ਚਿਕਨ ਕਾਰਨਰ ਪੁੱਜਾ ਤਾਂ ਸਾਹਮਣੇ ਤੋ ਆ ਰਹੀ ਇੱਕ ਕਾਰ ਦੇ ਚਾਲਕ ਵਲੋਂ ਬੜੀ ਅਣਗਹਿਲੀ ਨਾਲ ਉਸ ਦੀ ਕਾਰ ਵਿੱਚ ਟੱਕਰ ਮਾਰੀ, ਅਤੇ ਵੇਖਦੇ ਹੀ ਵੇਖਦੇ ਉਸ ਕਾਰ ਵਿੱਚੋਂ ਇੱਕ ਹੋਰ ਅਣਪਛਾਤਾ ਵਿਅਕਤੀ ਨਿਕਲਿਆ ਜਿਸ ਵਲੋਂ ਉਸਦੀ ਕਾਰ ਦਾ ਕੰਡਕਟਰ ਸਾਈਡ ਤੋਂ ਪਿਛੇ ਵਾਲੀ ਤਾਕੀ ਦਾ ਸ਼ੀਸ਼ਾ ਤੋੜ ਦਿੱਤਾ ਅਤੇ ਇਹ ਸਾਰੇ ਨੌਜਵਾਨ ਉਸ ਨਾਲ ਗਾਲੀ ਗਲੋਚ ਕਰਨ ਲੱਗ ਪਏ ਅਤੇ ਕਾਰ ਵਿੱਚੋਂ ਬਾਹਰ ਨਿਕਲਣ ਲਈ ਉਕ-ਸਾਉਣ ਲੱਗੇ ਲ ਪੀੜਿਤ ਜਸਵਿੰਦਰ ਸਿੰਘ ਨੇ ਦੱਸਿਆ ਕਿ ਉਹ ਮੌਕੇ ਦੇ ਨਜਾਕਤ ਨੂੰ ਵੇਖਦੇ ਹੋਏ ਉੱਥੋਂ ਆਪਣੀ ਘਰ ਕੱਢ ਕੇ ਲੈ ਗਿਆ ਲ ਇਹਨਾਂ ਅਣਪਛਾਤੇ ਕਾਰ ਚਾਲਕਾਂ ਵੱਲੋਂ ਫਿਰ ਉਸ ਨੂੰ ਨੈਸ਼ਨਲ ਹਾਈਵੇ ਕੰਗਨਾ ਪੁਲ ਘੇਰਨ ਦੀ ਕੋਸ਼ਿਸ਼ ਕੀਤੀ ਅਤੇ ਆਪਣੀ ਗੱਡੀ ਸੜਕ ਵਿਚਕਾਰ ਲਗਾ ਲਈ ਲ ਇਸ ਉਪਰੰਤ ਪੀੜਿਤ ਜਸਵਿੰਦਰ ਸਿੰਘ ਵਲੋਂ ਆਪਣੀ ਜਾਨ ਨੂੰ, ਖਤਰਾ ਵੇਖਦਿਆਂ ਉੱਥੋਂ ਵੀ ਆਪਣੀ ਕਾਰ ਸਾਈਡ ਤੇ ਕੱਢ ਕੇ ਲੈ ਗਿਆ ਲ ਇਨ੍ਹਾਂ ਅਣਪਛਾਤੇ ਵਾਹਨ ਚਾਲਕਾਂ ਵੱਲੋਂ ਵਾਰ-ਵਾਰ ਉਸ ਦੇ ਕਾਰ ਵਿੱਚ ਫਿਲਮੀ ਅੰਦਾਜ਼ ਵਿੱਚ ਟੱਕਰ ਮਾਰੀ ਲ ਇਹ ਨੌਜਵਾਨ ਪਿੰਡ ਨਿਆਣਾ ਬੇਟ ਦੀ ਚੱਕੀ ਤੱਕ ਉਸਦਾ ਪਿੱਛਾ ਕਰਦੇ ਹੋਏ ਆਏ ਮਗਰ ਇਸ ਦੌਰਾਨ ਜਸਵਿੰਦਰ ਸਿੰਘ ਉਹਨਾਂ ਦੇ ਕਾਬੂ ਨਹੀਂ ਆਇਆ ਲ ਉਹਨਾਂ ਅੱਗੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੇ ਦਿਨ ਹੀ ਉਹਨਾਂ ਵੱਲੋਂ ਸੋਸ਼ਲ ਮੀਡੀਆ ਉੱਪਰ ਆਉਣ ਵਾਲੀ ਵਿਧਾਨ ਸਭ ਚੋਣ ਲੜਨ ਬਾਬਤ ਪੋਸਟ ਪਾਈ ਸੀ ਲ ਉਹਨਾਂ ਮੁੱਖ ਥਾਣਾ ਅਫਸਰ ਸਿਟੀ ਬਲਾਚੌਰ ਨੂੰ ਲਿਖਤੀ ਪੱਤਰ ਦਿੰਦਿਆਂ ਅਪੀਲ ਕੀਤੀ ਕਿ ਇਹਨਾਂ ਹਮਲਾਵਰਾਂ ਦਾ ਪਤਾ ਲੱਗਾ ਕਿ ਸਖਤ ਕਾਰਵਾਈ ਕੀਤੀ ਜਾਵੇ ਲ ਇਸ ਸਬੰਧ ਵਿੱਚ ਮੁੱਖ ਥਾਣਾ ਅਫਸਰ ਸਿਟੀ ਬਲਾਚੌਰ ਨੇ ਆਖਿਆ ਕਿ ਪੁਲਿਸ ਵੱਲੋਂ ਵੱਖ-ਵੱਖ ਐਂਗਲਾਂ ਤੋਂ ਜਾਂਚ ਕੀਤੀ ਜਾ ਰਹੀ ਹੈ। ਜਲਦ ਹੀ ਇਹ ਦੋਸ਼ੀ ਪੁਲਿਸ ਗ੍ਰਿਫਤ ਵਿੱਚ ਹੋਣਗੇ ਲ




**ਜੋਗਿੰਦਰ ਸਿੰਘ ਸਾਬਕਾ ਸਰਪੰਚ ਪਿੰਡ ਠਠਿਆਲਾ ਬੇਟ ਆਪਣੇ ਉੱਪਰ ਹੋਏ ਹਮਲੇ ਦੀ ਜਾਣਕਾਰੀ ਦਿੰਦੇ ਹੋਏ ਅਤੇ ਹਮਲਾਵਰਾਂ ਵੱਲੋਂ ਕਾਰ ਦੇ ਤੋੜੇ ਸ਼ੀਸ਼ੇ ਦਾ ਦ੍ਰਿਸ਼।**

# ਬਰੈਡਫੋਰਡ 'ਚ ਖਾਲਸਾ ਸਾਜਨਾ ਦਿਵਸ ਮੌਕੇ ਵਿਸ਼ਾਲ ਨਗਰ ਕੀਰਤਨ, ਹਜ਼ਾਰਾਂ ਸੰਗਤਾਂ ਦੀ ਸ਼ਮੂਲੀਅਤ ਨਾਲ ਗੂੰਜਿਆ ਸ਼ਹਿਰ

**ਲੈਸਟਰ (ਇੰਗਲੈਂਡ), 19 ਅਪ੍ਰੈਲ (ਸੁਖਜਿੰਦਰ ਸਿੰਘ ਢੱਡੇ)–** ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਕਰਦਿਆਂ ਬਰੈਡਫੋਰਡ ਦੀ ਸਿੱਖ ਸੰਗਤ ਵੱਲੋਂ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਕੀਤਾ ਗਿਆ। ਇਸ ਧਾਰਮਿਕ ਸਮਾਗਮ ਦੌਰਾਨ ਹਜ਼ਾਰਾਂ ਦੀ ਗਿਣਤੀ 'ਚ ਸੰਗਤਾਂ ਨੇ ਸ਼ਮੂਲੀਅਤ ਕਰਕੇ ਪੂਰੇ ਸਹਿਰ ਨੂੰ ਗੁਰਬਾਣੀ ਦੇ ਰੰਗ ਵਿੱਚ ਰੰਗ ਦਿੱਤਾ।

ਨਗਰ ਕੀਰਤਨ ਦੀ ਸ਼ੁਰੂਆਤ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਸਾਹਿਬ ਤੋਂ ਕੀਤੀ ਗਈ, ਜਿੱਥੇ ਪਹਿਲਾਂ ਅਰਦਾਸ ਉਪਰੰਤ ਪੰਜ ਪਿਆਰੇਆਂ ਦੀ ਅਗਵਾਈ ਹੇਠ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤ੍ਰਛਾਇਆ ਹੇਠ ਨਗਰ ਕੀਰਤਨ ਰਵਾਨਾ ਹੋਇਆ। ਰਸਤੇ ਦੌਰਾਨ ਸੰਗਤਾਂ ਵੱਲੋਂ ਵਾਹਿਗੁਰੂ ਦੇ ਜਾਪ, ਕੀਰਤਨ ਅਤੇ ਸਿਮਰਨ ਰਾਹੀਂ ਭਗਤੀਮਈ ਮਾਹੌਲ ਬਣਾਇਆ ਗਿਆ, ਜਿਸ ਨਾਲ ਸਹਿਰ ਦੀਆਂ ਗਲੀਆਂ ਗੁਰਬਾਣੀ ਦੀਆਂ ਧੁਨਾਂ ਨਾਲ ਗੂੰਜਦੀਆਂ ਰਹੀਆਂ।

ਨਗਰ ਕੀਰਤਨ ਦੌਰਾਨ ਸਹਿਰ ਦੇ ਪੰਜ ਵੱਖ-ਵੱਖ ਗੁਰੂਘਰਾਂ 'ਤੇ ਪੜਾਅ ਕੀਤੇ ਗਏ, ਜਿੱਥੇ ਸੰਗਤਾਂ ਵੱਲੋਂ ਬੜੀ ਸ਼ਰਧਾ ਨਾਲ ਨਤਮਸਤਕ ਹੋ ਕੇ ਅਸੀਸਾਂ ਪ੍ਰਾਪਤ ਕੀਤੀਆਂ ਗਈਆਂ। ਹਰ ਪੜਾਅ 'ਤੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸੰਗਤਾਂ ਵੱਲੋਂ ਨਗਰ ਕੀਰਤਨ ਦਾ ਭਰਪੂਰ ਸਵਾਗਤ ਕੀਤਾ ਗਿਆ ਅਤੇ ਲੰਗਰਾਂ ਦਾ ਵਿਸ਼ਾਲ ਪ੍ਰਬੰਧ ਕੀਤਾ ਗਿਆ।

ਨਗਰ ਕੀਰਤਨ ਦੀ ਵਿਸ਼ੇਸ਼ ਰੌਣਕ ਉਸ ਵੇਲੇ ਦੇਖਣ ਨੂੰ ਮਿਲੀ ਜਦੋਂ ਗਤਕਾ ਪਾਰਟੀਆਂ ਵੱਲੋਂ ਰਵਾਇਤੀ ਹਥਿਆਰਾਂ ਨਾਲ ਦਿਲਚਸਪ ਅਤੇ ਰੋਮਾਂਚਕ ਜੌਹਰ ਵਿਖਾਏ ਗਏ।




**ਨਗਰ ਕੀਰਤਨ ਦੀ ਅਗਵਾਈ ਕਰਦੇ ਹੋਏ ਪੰਜ ਪਿਆਰੇ ਅਤੇ ਪਾਲਕੀ ਸਾਹਿਬ ਦਾ ਦ੍ਰਿਸ਼! ਤਸਵੀਰਾਂ :-ਸੁਖਜਿੰਦਰ ਸਿੰਘ ਢੱਡੇ**

ਨੌਜਵਾਨਾਂ ਅਤੇ ਬੱਚਿਆਂ ਵੱਲੋਂ ਵੀ ਵੱਡੀ ਗਿਣਤੀ ਵਿੱਚ ਹਿੱਸਾ ਲੈ ਕੇ ਸਿੱਖੀ ਨਾਲ ਆਪਣੀ ਲਗਨ ਦਰਸਾਈ ਗਈ। ਇਸ ਦੇ ਨਾਲ ਹੀ ਵੱਖ-ਵੱਖ ਝਾਕੀਆਂ ਰਾਹੀਂ ਸਿੱਖ ਇਤਿਹਾਸ ਦੇ ਮਹੱਤਵਪੂਰਨ ਪੱਖਾਂ ਨੂੰ ਦਰਸਾਇਆ ਗਿਆ, ਜਿਸ ਨਾਲ ਨਵੀਂ ਪੀੜ੍ਹੀ ਨੂੰ ਆਪਣੇ ਧਾਰਮਿਕ ਵਿਰਸੇ ਨਾਲ ਜੋੜਨ ਦਾ ਯਤਨ ਕੀਤਾ ਗਿਆ।

ਸਮਾਗਮ ਦੌਰਾਨ ਸੇਵਾਦਾਰਾਂ ਵੱਲੋਂ ਸੰਗਤਾਂ ਲਈ ਰਸਤੇ ਵਿੱਚ ਹੀ ਲੰਗਰ, ਚਾਹ, ਪਾਣੀ ਅਤੇ ਹੋਰ ਸੇਵਾਵਾਂ ਦਾ ਵਿਸ਼ਾਲ ਪ੍ਰਬੰਧ ਕੀਤਾ ਗਿਆ। ਸਥਾਨਕ ਪ੍ਰਸ਼ਾਸਨ ਅਤੇ ਪੁਲਿਸ ਵੱਲੋਂ ਵੀ ਪੂਰੀ ਸਹਿਯੋਗ ਦਿੱਤਾ ਗਿਆ, ਜਿਸ ਨਾਲ ਨਗਰ ਕੀਰਤਨ ਸ਼ਾਂਤੀਪੂਰਵਕ ਅਤੇ ਸੁਚਾਰੂ ਢੰਗ ਨਾਲ ਸੰਪੰਨ ਹੋਇਆ।

ਇਹ ਨਗਰ ਕੀਰਤਨ ਸਹਿਰ ਦੇ ਵੱਖ-ਵੱਖ ਇਲਾਕਿਆਂ 'ਚੋਂ ਗੁਜ਼ਰਦਾ ਹੋਇਆ ਮੁੜ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਸਾਹਿਬ ਵਿਖੇ ਆ ਕੇ ਸਮਾਪਤ ਹੋਇਆ, ਜਿੱਥੇ ਅੰਤਿਮ ਅਰਦਾਸ ਕੀਤੀ ਗਈ ਅਤੇ ਸੰਗਤਾਂ ਨੂੰ ਲੰਗਰ ਛਕਾਇਆ ਗਿਆ।

ਇਸ ਵਿਸ਼ਾਲ ਨਗਰ ਕੀਰਤਨ ਦਾ ਮੁੱਖ ਮੰਤਵ ਖਾਲਸਾ ਪੰਥ ਦੀ ਸਿਰ-ਜਣਾ ਦੀ ਯਾਦ ਤਾਜ਼ਾ ਕਰਨਾ, ਸਿੱਖੀ ਦੇ ਉੱਚ ਆਦਰਸ਼ਾਂ ਨੂੰ ਪ੍ਰਚਾਰਿਤ ਕਰਨਾ ਅਤੇ ਨਵੀਂ ਪੀੜ੍ਹੀ ਨੂੰ ਆਪਣੇ ਸ਼ਾਨਾਮੱਤੇ ਇਤਿਹਾਸ ਨਾਲ ਜੋੜਨਾ ਸੀ। ਇਸ ਮੌਕੇ ਸੰਗਤਾਂ ਵੱਲੋਂ ਭਰਪੂਰ ਉਤਸ਼ਾਹ ਦਿਖਾਇਆ ਗਿਆ ਅਤੇ ਪ੍ਰਬੰਧਕਾਂ ਨੇ ਆਸ ਜਤਾਈ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਧਾਰਮਿਕ ਸਮਾਗਮ ਹੋਰ ਵੱਡੇ ਪੱਧਰ 'ਤੇ ਕਰਵਾਏ ਜਾਣਗੇ।

# ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਰਾਮਗੜ੍ਹੀਆ ਗੁਰਦੁਆਰਾ ਬਲਾਚੌਰ 'ਚ ਸਜਾਇਆ ਸ਼ਾਨਦਾਰ ਨਗਰ ਕੀਰਤਨ

## ਸਨਾਤਨ ਧਰਮ ਸਭਾ (ਰਜਿ.) ਬਲਾਚੌਰ ਵਲੋਂ ਲੱਡੂਆਂ ਦਾ ਪ੍ਰਸ਼ਾਦ ਅਤੇ ਛਬੀਲ ਲਗਾਈ ਗਈ

**ਬਲਾਚੌਰ 19 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਅੱਜ ਬਲਾਚੌਰ ਦੇ ਰਾਮਗੜ੍ਹੀਆ ਗੁਰਦੁਆਰਾ ਸਾਹਿਬ ਵਿਖੇ ਸ਼ਹਿਰ ਵਿੱਚ ਇੱਕ ਵਿਸ਼ਾਲ ਅਤੇ ਪ੍ਰਭਾਵਸ਼ਾਲੀ ਨਗਰ ਕੀਰਤਨ ਸਜਾਇਆ ਗਿਆ। ਇਸ ਧਾਰਮਿਕ ਸਮਾਗਮ ਦੌਰਾਨ ਉਸ ਸਮੇਂ ਆਪਸੀ ਪਿਆਰ ਅਤੇ ਭਾਈਚਾਰਕ ਸਾਂਝ ਦੀ ਅਨੋਖੀ ਮਿਸਾਲ ਦੇਖਣ ਨੂੰ ਮਿਲੀ, ਜਦੋਂ ਸਨਾਤਨ ਧਰਮ ਸਭਾ ਵਲੋਂ ਇਸ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਗਿਆ ਸੇਵਾ ਦੇ ਇਸ ਕਾਰਜ ਵਿੱਚ ਹਲਕਾ ਵਿਧਾਇਕਾਂ ਬੀਬੀ ਸੰਤੋਸ਼ ਕਟਾਰੀਆ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਨੇ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਨੂੰ ਆਪਣੇ ਹੱਥਾਂ ਨਾਲ ਠੰਡੇ ਪਾਣੀ ਦੀਆ ਬੋਤਲਾਂ ਅਤੇ ਪ੍ਰਸ਼ਾਦ ਵੰਡਿਆਂ ।ਇਸ ਮੌਕੇ ਸੰਗਤਾਂ ਨੂੰ ਵਿਸਾਖੀ ਪੁਰਬ ਦੀਆਂ ਦੀ ਵਧਾਈਆਂ ਦਿੰਦਿਆਂ ਵਿਧਾਇਕਾਂ ਕਟਾਰੀਆ ਨੇ ਕਿਹਾ ਕਿ ਅਜਿਹੇ ਸਮਾਗਮ ਸਾਡੇ ਸਮਾਜ



ਵਿੱਚ ਏਕਤਾ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ ਅਤੇ ਭਾਈਚਾਰਕ ਸਾਂਝ ਦੀਆਂ ਤੰਤਾ ਮਜਬੂਰ ਕਰਦਿਆਂ ।ਸਨਾਤਨ ਧਰਮ ਸਭਾ ਵਲੋਂ ਗਰਮੀ ਦੇ ਮੌਸਮ ਨੂੰ ਮੁੱਖ ਰੱਖਦਿਆਂ ਸ਼ਰਧਾਲੂਆਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਸਭਾ ਦੇ ਜਨਰਲ ਸਕੱਤਰ ਗਗਨਦੀਪ ਸਿੰਘ ਦੀ ਅਗਵਾਈ ਹੇਠ ਮੈਂਬਰਾਂ ਨੇ ਲੱਡੂਆਂ ਦਾ ਪ੍ਰਸ਼ਾਦ ਵੰਡਿਆ ਅਤੇ ਠੰਢੇ ਜਲ ਦੀ ਛਬੀਲ ਲਗਾਈ। ਸਭਾ ਦੇ ਮੈਂਬਰਾਂ ਨੇ ਬੜੀ ਸ਼ਰਧਾ ਨਾਲ ਆਈਆਂ ਹੋਈਆਂ ਸੰਗਤਾਂ ਦੀ ਸੇਵਾ ਕੀਤੀ।ਸ਼ਹਿਰ ਵਾਸੀਆਂ ਅਤੇ ਵੱਖ-ਵੱਖ ਜਥੇਬੰਦੀਆਂ ਵਲੋਂ ਸਨਾਤਨ ਧਰਮ ਸਭਾ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ। ਇਸ ਨਗਰ ਕੀਰਤਨ ਦੌਰਾਨ ਸੰਗਤਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਸਭਾ ਦੇ ਮੈਂਬਰਾਂ ਜਗਦੀਸ਼ ਕਪਿਲ, ਜੋਗਿੰਦਰ ਸੋਹਨ ਪਾਲ ਮੰਡਲ ਮੈਂਬਰ, ਨਵੀਨ ਸੰਦੇਸ਼ ਮੰਡਲ ਮੈਂਬਰ ਸੁਰਿੰਦਰ ਪਨੇਸਰ ਪ੍ਰਧਾਨ, ਡਾਕਟਰ ਭੁਪਿੰਦਰ ਜੀਤ ਸਿੰਘ ਸੂਰੀ, ਪ੍ਰਦੀਪ ਰਾਣਾ ਉਪ ਪ੍ਰਧਾਨ,ਪ੍ਰਦੀਪ ਨਾਗਪਾਲ ਉਪ ਪ੍ਰਧਾਨ ,ਨੰਦ ਕਿਸ਼ੋਰ ਉਪ ਪ੍ਰਧਾਨ,ਸ਼ੇਖਰਪਾਲ ਬੈਂਸ ਉਪ ਪ੍ਰਧਾਨ ,ਵਿਸ਼ਵ ਰਾਜ ਕੌਸ਼ਲ ਸੰਯੁਕਤ ਸਕੱਤਰ ਸੋਮਨਾਥ ਤਕਲਾ ਸੰਯੁਕਤ ਸਕੱਤਰ,ਵਿੱਕੀ ਧੀਮਾਨ ਅਰਿੰਦਰ ਸਿੰਘ ਨੇ ਪ੍ਰਣ ਲਿਆ ਕਿ ਉਹ ਭਵਿੱਖ ਵਿੱਚ ਵੀ ਅਜਿਹੇ ਸਾਂਝੇ ਧਾਰਮਿਕ ਅਤੇ ਸਮਾਜਿਕ ਕਾਰਜਾਂ ਰਾਹੀਂ ਲੋਕ ਸੇਵਾ ਵਿੱਚ ਹਿੱਸਾ ਪਾਉਂਦੇ ਰਹਿਣਗੇ।

# ਆਗੂ ਅਸ਼ੋਕ ਕਟਾਰੀਆ ਨੇ ਪਿੰਡਾਂ 'ਚ ਜਾ ਕੇ ਪੰਜਾਬ ਸਰਕਾਰ ਵਲੋਂ ਕਰਵਾਏ ਗਏ ਵਿਕਾਸ ਕਾਰਜਾਂ ਦੀਆਂ ਉਪਲੱਬਧੀਆਂ ਬਾਰੇ ਦਿੱਤੀ ਜਾਣਕਾਰੀ

**ਬਲਾਚੌਰ 18 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ** )ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ 'ਰੰਗਲਾ ਪੰਜਾਬ' ਸਕੀਮ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਦਿਆਂ, ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਵੱਲੋਂ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਲੱਖਾਂ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਸ਼ੋਕ ਕਟਾਰੀਆ ਨੇ ਦੱਸਿਆ ਕਿ ਵਿਧਾਇਕਾ ਕਟਾਰੀਆ ਵੱਲੋਂ ਹਲਕੇ ਦੇ ਵੱਖ-ਵੱਖ ਪਿੰਡਾਂ ਨੂੰ ਵਿਕਾਸ ਕਾਰਜਾਂ ਲਈ ਚੈੱਕ ਸੌਂਪੇ ਗਏ ਹਨ। ਪਿੰਡਾਂ ਦੇ ਵਿਕਾਸ ਲਈ ਜਾਰੀ ਕੀਤੇ ਗਏ ਫੰਡ ਪਿੰਡ ਮਹਿਮੂਦ ਪੁਰ ਮੰਡਾਰ ਨੂੰ 5 ਲੱਖ ਰੁਪਏ ਪਿੰਡ ਠਠਿਆਲਾ ਬੇਟ ਨੂੰ 4 ਲੱਖ ਰੁਪਏ ਪਿੰਡ ਡੁਗਰੀ ਨੂੰ 3 ਲੱਖ ਰੁਪਏ ਪਿੰਡ ਜੈਨਪੁਰ ਨੂੰ 1 ਲੱਖ ਰੁਪਏ ਦੀ ਰਾਸ਼ੀ ਦਿੱਤੀ ਗਈ ਹੈ। ਇਨ੍ਹਾਂ ਗ੍ਰਾਂਟਾਂ ਦੀ ਵਰਤੋਂ ਪਿੰਡਾਂ ਦੀਆਂ ਗਲੀਆਂ-



ਨਾਲੀਆਂ ਨੂੰ ਪੱਕਾ ਕਰਨ, ਪੀਣ ਵਾਲੇ ਸਾਫ਼ ਪਾਣੀ ਦੇ ਪ੍ਰਬੰਧ ਅਤੇ ਹੋਰ ਸਾਂਝੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਕੀਤੀ ਜਾਵੇਗੀ।ਅਸ਼ੋਕ ਕਟਾਰੀਆ ਨੇ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਕੀਤਾ ਲਾਮਬੰਦਇਸ ਮੌਕੇ ਪਿੰਡਾਂ ਵਿੱਚ ਲੋਕਾਂ ਦੇ ਰੂ-ਬ-ਰੂ ਹੁੰਦਿਆਂ ਸੀਨੀਅਰ ਆਗੂ ਅਸ਼ੋਕ ਕਟਾਰੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਗੱਲਾਂ ਵਿੱਚ ਨਹੀਂ, ਸਗੋਂ ਠੋਸ ਕੰਮਾਂ ਵਿੱਚ ਵਿਸ਼ਵਾਸ ਰੱਖਦੀ ਹੈ। ਉਨ੍ਹਾਂ ਪਿਛਲੀਆਂ ਸਰਕਾਰਾਂ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਪਹਿਲਾਂ ਵਿਕਾਸ ਸਿਰਫ਼ ਵੋਟਾਂ ਤੱਕ ਸੀਮਤ ਸੀ, ਪਰ ਹੁਣ ਵਿਧਾਇਕਾ ਸੰਤੋਸ਼ ਕਟਾਰੀਆ ਦੀ ਅਗਵਾਈ ਹੇਠ ਬਿਨਾਂ ਕਿਸੇ ਭੇਦਭਾਵ ਦੇ ਹਰ ਪਿੰਡ ਤੱਕ ਗ੍ਰਾਂਟਾਂ ਪਹੁੰਚਾਈਆਂ ਜਾ ਰਹੀਆਂ ਹਨ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਇਸ ਦੌਰਾਨ ਪਿੰਡਾਂ ਦੇ ਸਰਪੰਚਾਂ, ਪੰਚਾਂ ਅਤੇ ਮੋਹਤਬਰਾਂ ਨੇ ਪੰਜਾਬ ਸਰਕਾਰ ਅਤੇ ਵਿਧਾਇਕਾ ਸੰਤੋਸ਼ ਕਟਾਰੀਆ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਗ੍ਰਾਂਟਾਂ ਨਾਲ ਪਿੰਡਾਂ ਵਿੱਚ ਰੁਕੇ ਹੋਏ ਕੰਮਾਂ ਨੂੰ ਨਵੀਂ ਰਫ਼ਤਾਰ ਮਿਲੇਗੀ। ਇਸ ਮੌਕੇ ਵੱਡੀ ਗਿਣਤੀ ਵਿੱਚ 'ਆਪ' ਵਰਕਰ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।

# ਸੰਵਿਧਾਨ ਰਚੇਤਾ ਡਾ.ਭੀਮ ਰਾਓ ਅੰਬੇਡਕਰ ਜੀ ਦੇ 135ਵੇਂ ਜਨਮ ਦਿਨ ਨੂੰ ਸਮਰਪਿਤ ਕੱਢੀ ਸ਼ੋਭਾ ਯਾਤਰਾ

**ਬਲਾਚੌਰ 19 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਜੀ ਦੇ 135 ਵੇਂ ਜਨਮ ਉਤਸਵ ਨੂੰ ਸਮਰਪਿਤ ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਬਲਾਚੌਰ, ਯੂਥ ਵੈਲਫੇਅਰ ਸੁਸਾਇਟੀ, ਬਲਾਚੌਰ ਵੱਲੋਂ ਸਮੂਹ ਨਗਰ ਨਿਵਾਸੀਆਂ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਇੱਕ ਵਿਸ਼ਾਲ ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਗਿਆ ਲ ਇਹ ਸ਼ੋਭਾ ਯਾਤਰਾ ਸਵੇਰੇ 10 ਵਜੇ ਚੰਡੀਗੜ੍ਹ ਰੋਡ, ਜੰਝ ਘਰ ਵਾਰਡ ਨੰ: 12, ਬਲਾਚੌਰ ਤੋਂ ਆਰੰਭ ਹੋਈ ਲ ਬਲਾਚੌਰ ਦੇ ਵੱਖ-ਵੱਖ ਸਥਾਨਾ ਉਪਰ ਪਰਿਕਰਮਾ ਕਰਦੀ ਹੋਈ ਸ਼ਾਮ ਨੂੰ ਨਿਰਵਿਘਨ ਸਮਾਪਤ ਹੋਈ ਲ ਸੰਵਿਧਾਨ ਰਚੇਤਾ ਡਾ. ਭੀਮ ਰਾਓ ਅੰਬੇਡਕਰ ਦੀ ਤਸਵੀਰ ਫੁੱਲ ਮਲਾਵਾਂ ਨਾਲ ਅਤੀ ਸੁੰਦਰ ਤਰੀਕੇ ਨਾਲ ਸਜਾਈ ਹੋਈ ਸੀ ਲ ਇਸ ਸ਼ੋਭਾ ਯਾਤਰਾ ਵਿੱਚ ਵਿਸ਼ੇਸ਼ ਤੌਰ ਤੇ ਬਸਪਾ ਦੇ ਪੰਜਾਬ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ, ਸਾਬਕਾ ਰਾਜ ਸਭਾ ਮੈਂਬਰ ਅਤੇ ਵਿਧਾਇਕ ਡਾ. ਨਛੱਤਰ ਪਾਲ ਵੱਲੋਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਲ ਸ਼ੋਭਾ ਯਾਤਰਾ ਵਿੱਚ ਵੱਖ ਵੱਖ ਬੁਲਾਰਿਆਂ, ਵਲੋ ਅੱਜ ਭਾਰਤ ਦੇ ਸੰਵਿਧਾਨ ਰਚੇਤਾ, ਅਣਗਿਣਤ ਕਠਨਾਈਆਂ ਵਿੱਚ ਅਨੇਕਾਂ ਡਿਗਰੀਆਂ ਪ੍ਰਾਪਤ ਕਰਨ ਵਾਲੇ, ਸਮਾਜ ਸੁਧਾਰਕ ਡਾ. ਭੀਮਰਾਓ ਅੰਬੇਡਕਰ ਜੀ ਦੇ ਜਨਮ ਦਿਨ ਨੂੰ ਸਮਰਪਿਤ ਕੋਟ ਕੋਟ ਧੰਨਵਾਦ ਕਰਦਿਆਂ ਆਖਿਆ ਕਿ ਸਦੀਆਂ ਤੋਂ ਗੁਲਾਮੀ ਦਾ ਜੀਵਨ ਜੀਅ ਰਹੇ ਗ਼ਰੀਬ ਪੱਛੜੇ ਤੇ ਦਲਿਤ ਵਰਗਾਂ ਦੇ ਹਿੱਤਾਂ ਦੀ ਹਿਫਾਜ਼ਤ ਲਈ, ਜੋ ਬੇਮਿਸਾਲ ਕਾਰਜਾਂ ਨੂੰ ਅੰਜਾਮ ਦਿੱਤਾ ਅਤੇ ਪੱਛੜੇ ਹੋਏ ਲੋਕਾਂ ਲਈ ਜੋ ਨੌਕਰੀਆਂ ਵਿੱਚ ਰਾਖ਼ਵਾਕਰਨ ਦੀ ਵਿਵਸਥਾ ਕੀਤੀ ਗਈ ਹੈ, ਉਸ ਪਿੱਛੇ ਬਾਬਾ ਸਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਦਾ ਜੋ ਵਡਮੁੱਲਾ ਯੋਗਦਾਨ ਰਹਿੰਦੀ ਦੁਨੀਆਂ ਤੱਕ ਭੁਲਾਇਆ ਨਹੀਂ ਜਾ ਸਕਦਾ ਲ ਉਹਨਾਂ ਆਖਿਆ ਕਿ ਡਾ. ਭੀਮਰਾਓ ਅੰਬੇਡਕਰ ਦਾ ਜਨਮ 14 ਅਪ੍ਰੈਲ 1891 ਨੂੰ ਹੋਇਆ ਸੀ। ਬਚਪਨ ਤੋਂ ਹੀ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਆਰਥਿਕ ਅਤੇ ਸਮਾਜਿਕ ਭੇਦਭਾਵ ਦਾ ਸਾਹ-ਮਣਾ ਕਰਨਾ ਪਿਆ। ਉਹਨਾਂ ਅੱਗੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬਾਵਾ ਸਾਹਿਬ ਨਾਲ ਸਕੂਲੀ ਪੜ੍ਹਾਈ ਦੌਰਾਨ ਵੀ ਅਨੇਕਾਂ ਵਾਰ ਭੇਦਭਾਵ ਹੋਇਆ । ਬਾਬਾ ਸਾਹਿਬ 1926 ਈ. ਵਿੱਚ ਵਿਧਾਨ ਸਭਾ ਦੇ ਮੈਂਬਰ ਵਜੋਂ ਨਿਯੁਕਤ ਹੋਏ। ਫਿਰ 1927 ਈ. ਵਿੱਚ ਛੂਤ-ਛਾਤ ਦੀ ਬੀਮਾਰੀ ਖਿਲਾਫ ਲੜਨ ਲਈ ਕਈ ਅੰਦੋਲਨ ਕੀਤੇ ਗਏ। 1928 ਈ. ਵਿੱਚ ਬਾਬਾ ਸਾਹਿਬ ਜੀ ਨੂੰ ਬੰਬੇ ਪ੍ਰੈਜ਼ੀਡੈਂਸੀ ਕਮੇਟੀ ਵਿੱਚ ਸਾਰੇ ਯੂਰਪੀ ਸਾਇਮਨ ਕਮਿਸ਼ਨਾ ਵਿੱਚ ਕੰਮ ਕਰਨ ਲਈ ਨਿਯੁਕਤ ਕਰ ਲਿਆ ਗਿਆ। 1935 ਈ. ਵਿੱਚ ਉਨ੍ਹਾਂ ਨੇ ਸਰਕਾਰੀ ਲਾਅ ਕਾਲਜ਼ ਵਿੱਚ ਪ੍ਰਿੰਸੀਪਲ ਦਾ ਅਹੁਦਾ ਹਾਸਲ ਕੀਤਾ। ਸਦੀਆਂ ਤੋਂ ਦਬੇ ਕੁਚਲੇ, ਗਰੀਬ ਦਲਿਤ ਅਤੇ ਪਛੜੇ ਸਮਾਜ ਦੇ ਲੋਕਾਂ ਲਈ ਬਾਬਾ ਸਾਹਿਬ ਭੀਮਰਾਓ ਅੰਬੇਡਕਰ ਦਾ ਆਗਮਨ ਦਰਅਸਲ ਕਿਸੇ ਮਸੀਹਾ ਤੋਂ ਘੱਟ ਨਹੀਂ ਹੈ । ਪਿਛਲੇ ਕਰੀਬ 5 ਹਜ਼ਾਰ ਸਾਲਾਂ ਤੋਂ ਸੋਸ਼ਣ ਦਾ ਸ਼ਿਕਾਰ ਹੁੰਦੇ ਆ ਰਹੇ ਗਰੀਬ ਦਲਿਤ ਅਤੇ ਪਛੜੇ ਵਰਗਾਂ ਨੂੰ ਜੋ ਉਨ੍ਹਾਂ ਨੇ ਇਨਸਾਫ ਦਿਵਾਉਣ ਲਈ ਉਪਰਾਲੇ ਕੀਤੇ, ਉਸ ਦੀ ਜਿੰਨੀ ਸ਼ਲਾਘਾ ਤੇ ਸਰਾਹਣਾ ਕੀਤੀ ਜਾਵੇ ਥੋੜੀ ਹੈ। ਔਰਤ ਦੀ ਆਜ਼ਾਦੀ, ਪੜ੍ਹਾਈ, ਬਰਾ-ਬਰਤਾ ਅਤੇ ਉਨੱਤੀ ਵਾਸਤੇ, ਜੋ ਕਦਮ ਬਾਬਾ ਸਾਹਿਬ ਨੇ ਚੁੱਕੇ ਉਹ ਬੇਮਿਸਾਲ ਸਨ। ਪਰ ਅਫ਼ਸੋਸ ਜਿਸ ਸੰਵਿਧਾਨਕ ਸ਼ਕਤੀ ਰਾਹੀਂ ਬਾਬਾ ਸਾਹਿਬ ਨੇ ਸਦੀਆਂ ਤੋਂ ਦਬੇ ਕੁਚਲੇ ਲੋਕਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦਿਵਾਉਣ ਦੀ ਕੋਸ਼ਿਸ਼ ਕੀਤੀ, ਉਸ ਸੰਵਿਧਾਨ ਨੂੰ ਅੱਜ ਕੁੱਝ ਤਾਕਤਾਂ ਦੁਆਰਾ ਲਗਾਤਾਰ ਕਮਜ਼ੋਰ ਕਰਨ ਦੀਆ ਕੋਝੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਯਕੀਨਨ ਇਹ ਇੱਕ ਵੱਡੀ ਚਿੰਤਾ ਦਾ ਵਿਸ਼ਾ ਹੈ ਲ ਇਸ ਮੌਕੇ ਉੱਪਰ ਵੱਡੀ ਗਿਣਤੀ ਵਿੱਚ ਸੰਗਤਾਂ ਦਾ ਠਾਠਾ ਮਾਰਦਾ ਇਕੱਠ ਸ਼ਾਮਿਲ ਸੀ।





ਬਲਾਚੌਰ ਵਿਖੇ ਡਾ.ਭੀਮ ਰਾਓ ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਿਤ ਕੱਢੀ ਸ਼ੋਭਾ ਯਾਤਰਾ ਦਾ ਦ੍ਰਿਸ਼।

# ਯੂਨੀਵਰਸਲ ਪ੍ਰੈਸ ਕਲੱਬ ਦੀ ਮੀਟਿੰਗ ਹੋਟਲ ਆਰ.ਸੀ.ਪਲਾਜਾ ਵਿਖੇ ਹੋਈ


## ਮੀਟਿੰਗ ਵਿੱਚ ਪੱਤਰਕਾਰਾਂ ਨੂੰ ਆ ਰਹੀਆਂ ਸਮੱਸਿਆਵਾਂ ਤੇ ਕੀਤਾ ਗਿਆ ਵਿਚਾਰ ਵਟਾਂਦਰਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅੱਜ ਮਿਤੀ 19 ਅਪ੍ਰੈਲ ਦਿਨ ਐਤਵਾਰ ਨੂੰ ਯੂਨੀਵਰਸਲ ਪ੍ਰੈਸ ਕਲੱਬ (ਰਜਿ:) ਦੀ ਇੱਕ ਵਿਸ਼ੇਸ਼ ਮੀਟਿੰਗ ਹੋਟਲ ਆਰ.ਸੀ.ਪਲਾਜ਼ਾ, ਨਜ਼ਦੀਕ ਗੋਰਾਇਆ, ਜ਼ਿਲ੍ਹਾ ਜਲੰਧਰ ਵਿੱਚ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਦੇ ਪੱਤਰਕਾਰਾਂ ਦੀ ਸਭਾ ਕਰਵਾਈ ਗਈ। ਇਸ ਮੀਟਿੰਗ ਦੇ ਮੁੱਖ ਮਹਿਮਾਨ ਡਾ: ਡੀ.ਪੀ. ਖੋਸਲਾ, ਪ੍ਰਧਾਨ ਯੂ.ਪੀ.ਸੀ ਪਹੁੰਚੇ। ਇਨ੍ਹਾਂ ਤੋਂ ਇਲਾਵਾ ਮੈਡਮ ਸੰਦੀਪ ਸ਼ਰਮਾ ਮਹਾਮੰਤਰੀ, ਸ੍ਰ: ਬਲਜੀਤ ਸਿੰਘ ਲਾਟੀ ਫਾਊਂਡਰ ਮੈਂਬਰ, ਸ੍ਰ: ਕਰਨੈਲ ਸਿੰਘ ਐੱਮ.ਏ. ਜਨਰਲ ਸਕੱਤਰ ਯੂ.ਪੀ.ਸੀ ਜ਼ਿਲ੍ਹਾ ਲੁਧਿਆਣਾ, ਸ਼੍ਰੀ ਗੁਰਦਾਸ ਕੈੜਾ ਉਪ ਪ੍ਰਧਾਨ ਅਤੇ ਸ਼੍ਰੀ ਅਰਜੁਨ ਸਿੰਘ ਫਾਊਂਡਰ ਗਰੁੱਪ ਮੈਂਬਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੀਟਿੰਗ ਵਿੱਚ ਸੀਨੀਅਰ ਕਲੱਬ ਮੈਂਬਰਾਂ ਨੇ ਪ੍ਰੈਸ ਕਲੱਬ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਕਲੱਬ ਦੀਆਂ ਉਪਲਬਧੀਆਂ ਬਾਰੇ ਵੀ ਦੱਸਿਆ। ਇਸ ਮੀਟਿੰਗ ਦਾ ਆਯੋਜਨ ਸ਼੍ਰੀ ਕਮਲ ਗੋਰਾਇਆ (ਪੱਤਰਕਾਰ, ਸਰਵਜਨ ਨਿਊਜ਼) ਅਤੇ ਸ੍ਰ: ਕੁਲਜੀਤ ਸਿੰਘ ਘੁੰਮਣ (ਡਾਇਰੈਕਟਰ, ਸਰਵਜਨ ਨਿਊਜ਼) ਵੱਲੋਂ ਕੀਤਾ ਗਿਆ। ਗੋਰਾਇਆ, ਫਿਲੌਰ, ਨਕੋਦਰ ਅਤੇ ਫਗਵਾੜਾ ਵਿੱਚ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਦੇ ਪੱਤਰਕਾਰਾਂ ਨੂੰ ਆ ਰਹੀਆਂ ਸਮੱਸਿਆਵਾਂ 'ਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਯੂ.ਪੀ.ਸੀ ਦੇ ਪ੍ਰਧਾਨ ਡਾ: ਖੋਸਲਾ ਨੇ ਕਿਹਾ ਕਿ ਸਾਡੇ ਪੱਤਰਕਾਰ ਭਰਾਵਾਂ ਨੂੰ ਇੱਕ ਲੜੀ ਵਿੱਚ ਜੋੜਨਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਵੱਲੋਂ ਪੱਤਰਕਾਰਾਂ 'ਤੇ ਸ਼ੋਸ਼ਣ ਦਿਨੋਂ-ਦਿਨ ਵੱਧ ਰਿਹਾ ਹੈ ਅਤੇ ਕਈ ਪੱਤਰਕਾਰਾਂ 'ਤੇ ਮਾਮਲੇ ਦਰਜ ਕੀਤੇ ਗਏ ਹਨ, ਜਿਸ ਦੀ ਅਸੀਂ ਕੜੇ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ। ਉਨ੍ਹਾਂ ਨੇ ਕਿਹਾ ਕਿ ਪੱਤਰਕਾਰ ਸਮਾਜ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਰਕਾਰ ਤੱਕ ਪਹੁੰਚਾ ਕੇ ਇੱਕ ਪੁਲ ਦਾ ਕੰਮ ਕਰਦਾ ਹੈ ਅਤੇ ਆਪਣਾ ਫ਼ਰਜ਼ ਨਿਭਾਉਂਦੇ ਹੋਏ ਕੜੀ ਧੁੱਪ, ਕੜੀ ਠੰਢ ਜਾਂ ਭਾਰੀ ਬਾਰਿਸ਼ ਦੀ ਪਰਵਾਹ ਕੀਤੇ ਬਿਨਾਂ ਲੋਕ ਸੇਵਾ ਵਿੱਚ ਲਗਾਤਾਰ ਜੁਟਿਆ ਰਹਿੰਦਾ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਪੱਤਰਕਾਰਾਂ ਨੂੰ ਵੀ ਉੱਤਰ ਪ੍ਰਦੇਸ਼ ਵਾਂਗ ਸੁਵਿਧਾਵਾਂ ਮਿਲਣੀਆਂ ਚਾਹੀਦੀਆਂ ਹਨ, ਜੋ ਸਾਡਾ ਮੁੱਖ ਲਕਸ਼ ਹੈ। ਯੂਨੀਵਰਸਲ ਪ੍ਰੈਸ ਕਲੱਬ ਦੇ ਪ੍ਰਧਾਨ ਡਾ: ਖੋਸਲਾ ਅਤੇ ਉਨ੍ਹਾਂ ਦੇ ਸਾਥੀਆਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ ਗਿਆ। ਇਸ ਮੀਟਿੰਗ ਵਿੱਚ ਸ਼੍ਰੀ ਮਨੀਸ਼ ਕੁਮਾਰ, ਸ਼੍ਰੀ ਬਲਵਿੰਦਰ ਕੁਮਾਰ, ਸ਼੍ਰੀ ਨਿਰਮਲ ਚੰਦ ਗੁੜੇ, ਸ਼੍ਰੀ ਰਾਜਾ ਬੋਪਾਰਾਏ, ਸ੍ਰ: ਮਨਜੀਤ ਮੱਕੜ, ਸ਼੍ਰੀ ਸ਼ਿਵ ਕੁਮਾਰ ਅਤੇ ਸਤਵੀਰ ਕੁਮਾਰ ਨੇ ਭਾਗ ਲਿਆ।



for more news visit: www.samajweekly.com

# ਜਨਮ ਮਿਤੀ ਮੁਬਾਰਕ




ਭਾਗਾਂ ਭਰੀ ਉੱਨੀਂ ਅਪ੍ਰੈਲ ਅੱਜ ,
ਜਨਮ ਤਰੀਕ ਹੈ ਸਾਡੇ ਵੀਰ ਦੀ ।
ਲੰਮੇਂ ਸਮੇਂ ਤੋਂ ਸਾਂਝ ਓਸ ਨਾਲ ,
ਸਾਡੀ ਹੈ ਜਿਵੇਂ ਖੰਡ ਖੀਰ ਦੀ ।
ਨਾਓਂ ਹੈ ਪਵਨ ਪੰਜਾਬੀ ਨਿਆਰਾ,
ਪਿੰਡ ਓਸ ਦਾ ਰੁੜਕੀ ਕਲਾਂ ਹੈ ;
ਫੋਨ ਕਰੇ ਜਦੋਂ ਬਿਨਾਂ ਮਿਲੇ ਤੋਂ ,
ਬਾਰਸ਼ ਕਰਦੈ ਠੰਢੇ ਨੀਰ ਦੀ ।
ਬੰਦੇ ਤੋਂ ਇਨਸਾਨ ਕਿਤਾਬ ਦਾ ,
ਜੀਅ ਕਰਦੈ ਓਹਨੂੰ ਤੋਹਫਾ ਭੇਜਾਂ ;
ਤਾਂ ਕਿ ਏਸ ਤੋਂ ਵੀ ਤੇਜ਼ੀ ਨਾਲ ,
ਕਲਮ ਰਹੇ ਉਹਦੀ ਨ੍ਹੇਰਾ ਚੀਰਦੀ।
ਲੋਕ ਗੀਤਾਂ ਤੋਂ ਲੰਮੀ ਉਮਰ ਦਾ ,
ਖ਼ੁਸ਼ੀਆਂ ਭਰਿਆ ਜੀਵਨ ਹੋਵੇ ;
ਪਿਆਰ ਮੁਹੱਬਤ ਸਭ ਨੂੰ ਵੰਡੇ ,
ਕਦਰ ਕਰੇ ਪਰ ਘਰ ਦੀ ਹੀਰ ਦੀ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
**ਸੰਪਰਕ-9914836037**

# ਪੰਜਾਬੀਅਤ ਦਾ ਪਹਿਰੇਦਾਰ - ਬਿੰਦਰ ਖੁੱਡੀ ਕਲਾਂ



ਵਧਾਈਆਂ ਵੀਰ ਬਿੰਦਰਾ ਤੈਨੂੰ, ਲੱਖ-ਲੱਖ ਵਧਾਈਆਂ।
52 ਕਵੀਆਂ ਵਾਲਾ ਪੁਰਸਕਾਰ ਮਿਲਿਆ ਹੈ, ਚੜ੍ਹ ਗਈਆਂ ਚੜ੍ਹਾਈਆਂ।

ਖੁੱਡੀ ਕਲਾਂ ਦਾ ਜੰਮਿਆ ਜਾਇਆ, ਭਾਸ਼ਾ ਅਫ਼ਸਰ ਕਹਾਇਆ।
ਪੰਜਾਬ ਪੰਜਾਬੀ ਤੇ ਪੰਜਾਬੀਅਤ ਦਾ ਪਿਆਰਾ, ਹਰ ਦਿਲ 'ਚ ਸਮਾਇਆ।
ਇੱਕ ਹੱਥ ਕਲਮ ਇੱਕ ਹੱਥ ਫਾਈਲ, ਦੋਵੇਂ ਸ਼ਾਨ ਨਿਭਾਈਆਂ।
ਲੇਖ ਤੇ ਕਵਿਤਾਵਾਂ ਗੀਤ ਤੇਰੇ, ਰੋਜ਼ ਅਖ਼ਬਾਰਾਂ ਵਿੱਚ ਛਾਇਆਂ।
ਵਧਾਈਆਂ ਵੀਰ ਬਿੰਦਰਾ ਤੈਨੂੰ, ਲੱਖ-ਲੱਖ ਵਧਾਈਆਂ।

ਸਰਕਾਰੀ ਨੌਕਰੀ ਕਰਦਾ ਹੋਇਆ, ਤਕਲੀਫਾਂ ਨਾ ਮੰਨੀਆਂ।
ਮਾਂ-ਬੋਲੀ ਦੇ ਪ੍ਰਚਾਰ ਖ਼ਾਤਰ, ਸਭਾਵਾਂ ਵਿੱਚ ਜਾਂਦਾ ਰਿਹਾ।
ਸਕੂਲਾਂ ਕਾਲਜਾਂ 'ਚ ਲੋਅ ਜਗਾਉਂਦਾ, ਨਵੇਂ ਲੇਖਕ ਬਣਾਏ।
ਤੇਰੇ ਵਰਗੇ ਕਰਮਯੋਗੀ ਹੀ, ਪੰਜਾਬੀ ਨੂੰ ਰੁਤਬਾ ਲਿਆਇਆ।
ਵਧਾਈਆਂ ਵੀਰ ਬਿੰਦਰਾ ਤੈਨੂੰ, ਲੱਖ-ਲੱਖ ਵਧਾਈਆਂ।

24 ਘੰਟੇ ਮਿਹਨਤ ਤੇਰੀ, ਸੁੱਤਾ ਕਦੇ ਨਾ ਯਾਰ ਵੇ।
ਇਮਾਨਦਾਰੀ ਤੇ ਪਿਆਰ ਬੋਲੀ ਦਾ, ਰੱਖਿਆ ਸੀਨੇ ਭਾਰ ਵੇ।
ਇਹ ਸਨਮਾਨ ਨਾ ਤੇਰਾ ਇਕੱਲੇ ਦਾ, ਸਾਰੇ ਪੰਜਾਬ ਦਾ ਸ਼ਿੰਗਾਰ ਵੇ।
ਰਮੇਸ਼ਵਰ ਸਿੰਘ ਵਧਾਈ ਦੇਂਦਾ, ਰੱਬ ਦੇਵੇ ਤੈਨੂੰ ਪਿਆਰ ਵੇ।
ਵਧਾਈਆਂ ਵੀਰ ਬਿੰਦਰਾ ਤੈਨੂੰ, ਲੱਖ-ਲੱਖ ਵਧਾਈਆਂ।

ਵਧਾਈਆਂ ਵੀਰ ਬਿੰਦਰਾ ਤੈਨੂੰ, ਲੱਖ-ਲੱਖ ਵਧਾਈਆਂ।
52 ਕਵੀਆਂ ਵਾਲਾ ਪੁਰਸਕਾਰ ਮਿਲਿਆ ਹੈ, ਚੜ੍ਹ ਗਈਆਂ ਚੜ੍ਹਾਈਆਂ।



**ਰਮੇਸ਼ਵਰ ਸਿੰਘ ਪਟਿਆਲਾ**

# ਅਖੀਰ....

ਜਾਂ ਰਸਤਾ ਮੁੱਕ ਜਾਵੇ
ਜਾਂ ਮੰਜਿਲ ਆ ਜਾਵੇ
ਮੈਂ ਮੁੱਢੋਂ ਈ ਥੱਕ ਗਿਆ
ਹੁਣ ਤੁਰਿਆ ਨਹੀਂ ਜਾਂਦਾ।
ਇੱਕ ਸੂਰਜ ਤਪਦਾ ਪਿਆ
ਧੁੱਪ ਕਰੜੀ ਫਿਕਰਾਂ ਦੀ।
ਕੋਈ ਰੁੱਖ ਦਿਲਾਸਿਆਂ ਦਾ
ਪਿਆ ਨਜ਼ਰੀਂ ਨਹੀਂ ਆਂਦਾ ।
ਥੱਕ ਟੁੱਟ ਕੇ ਗਿਰ ਜਾਵਾਂ
ਨਹੀਂ ਇਹ ਤਾਂ ਨਹੀਂ ਹੋਣਾ ।
ਕੁੱਝ ਵਾਅਦੇ ਬਾਕੀ ਨੇ।
ਪੂਰੇ ਕਰਨੇ ਹਾਂ ਚਾਹੁੰਦਾ।
ਸਾਹ ਭਾਵੇਂ ਆਖਰੀ ਨੇ
ਕੌਰੇਆਣੇ ਪਹੁੰਚ ਕੇ ਵੀ
ਇੱਕ ਘੁੱਟ ਪੀ ਕੇ ਮਰਨਾ
ਪਾਣੀ ਆਪਣੇ ਗਿਰਾਂ ਦਾ ।



**ਗੁਰਦੀਪ ਕੌਰੇਆਣਾ।**

# ਜਨਮਦਿਨ ਮੁਬਾਰਕ



**ਪ੍ਰਕਾਸ਼ਦੀਪ ਸਿੰਘ ਪਿੰਡ ਬਖੋਪੀਰ**
**ਡਾਕ/ਤਹਿ: ਭਵਾਨੀਗੜ੍ਹ (ਸੰਗਰੂਰ)**

# ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਦੇ ਲੋਕਾਂ ਨਾਲ ਇੱਕੋ-ਇੱਕ ਚਟਾਨ ਵਾਂਗ ਖੜ੍ਹਨ ਵਾਲ਼ੀ ਪਾਰਟੀ ਹੈ : ਐਡਵੋਕੇਟ ਸੂਰਜ ਸਿੰਘ

## ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿੱਚ ਲਹਿਰ ਪ੍ਰਚੰਡ



**ਹੁਸ਼ਿਆਰਪੁਰ 19 ਅਪ੍ਰੈਲ ( ਤਰਸੇਮ ਦੀਵਾਨਾ )** - ਪੰਜਾਬ ਦੀ ਸਿਆਸਤ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਇੱਕ ਵਾਰ ਫਿਰ ਮਜ਼ਬੂਤ ਸ਼ਕਤੀ ਵਜੋਂ ਉੱਭਰ ਰਿਹਾ ਹੈ। ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਮਿਲ ਰਹੇ ਭਰਵੇਂ ਹੁੰਗਾਰੇ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਸੂਬੇ ਦੇ ਲੋਕ ਮੌਜੂਦਾ ਸਰਕਾਰਾਂ ਦੀਆਂ "ਲੋਕ-ਮਾਰੂ" ਨੀਤੀਆਂ ਤੋਂ ਤੰਗ ਆ ਕੇ ਹੁਣ ਮੁੜ ਆਪਣੀ ਮਾਂ-ਪਾਰਟੀ ਵੱਲ ਮੋੜਾ ਪਾ ਰਹੇ ਹਨ। ਇਹਨਾਂ ਗੱਲਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜ਼ਿਲਾ ਪ੍ਰਧਾਨ ਆਰ ਟੀ ਆਈ ਵਿੰਗ ਐਡਵੋਕੇਟ ਸੂਰਜ ਸਿੰਘ ਨੇ ਇੱਕ ਮੁਲਾਕਾਤ ਦੌਰਾਨ ਸਾਡੇ ਪੱਤਰਕਾਰ ਨਾਲ ਕੀਤਾ ਉਹਨਾਂ ਕਿਹਾ ਕਿ ਅਕਾਲੀ ਦਲ ਦੇ ਆਗੂਆਂ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਜਿੰਨਾ ਵੀ ਬੁਨਿਆਦੀ ਢਾਂਚਾ, ਚੌੜੀਆਂ ਸੜਕਾਂ, ਥਰਮਲ ਪਲਾਂਟ ਅਤੇ ਹਵਾਈ ਅੱਡੇ ਬਣੇ ਹਨ, ਉਹ ਸਭ ਸਵਰਗੀ ਪ੍ਰਕਾਸ਼ ਸਿੰਘ ਬਾਦਲ ਦੀ ਦੂਰਅੰਦੇਸ਼ੀ ਸੋਚ ਦਾ ਨਤੀਜਾ ਹਨ। ਉਹਨਾਂ ਕਿਹਾ ਕੀ ਲੋਕਾਂ ਵਿੱਚ ਇਹ ਚਰਚਾ ਆਮ ਹੈ ਕਿ ਅਕਾਲੀ ਦਲ ਦੇ ਰਾਜ ਦੌਰਾਨ ਹੀ ਸੂਬੇ ਵਿੱਚ ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਮਜ਼ਬੂਤ ਰਹੀ ਹੈ।
ਉਹਨਾਂ ਕਿਹਾ ਕਿ ਅਕਾਲੀ ਦਲ ਨੇ ਹਮੇਸ਼ਾ ਪੰਜਾਬ ਦੇ ਪਾਣੀਆਂ, ਰਾਜਧਾਨੀ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕਿਆਂ ਲਈ ਮੋਹਰੀ ਹੋ ਕੇ ਲੜਾਈ ਲੜੀ ਹੈ।
ਉਹਨਾਂ ਕਿਹਾ ਕਿ ਮੁਫ਼ਤ ਬਿਜਲੀ ਦੀ ਸਹੂਲਤ ਅਤੇ ਕਿਸਾਨੀ ਹਿੱਤਾਂ ਲਈ ਹਮੇਸ਼ਾ ਡਟ ਕੇ ਖੜ੍ਹਨਾ ਅਕਾਲੀ ਦਲ ਦੀ ਪਛਾਣ ਰਿਹਾ ਹੈ। ਉਹਨਾਂ ਕਿਹਾ ਕਿ ਸਿੱਖ ਇਤਿਹਾਸ ਨਾਲ ਸਬੰਧਤ ਯਾਦਗਾਰਾਂ (ਜਿਵੇਂ ਵਿਰਾਸਤ-ਏ-ਖ਼ਾਲਸਾ) ਦੀ ਉਸਾਰੀ ਕਰਕੇ ਪਾਰਟੀ ਨੇ ਵਿਰਸੇ ਨੂੰ ਸੰਭਾਲਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਹਨਾਂ ਕਿਹਾ ਕਿ ਵਿਰੋਧੀ ਪਾਰਟੀਆਂ ਨੇ ਹਮੇਸ਼ਾ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ਸਾਜ਼ਿਸ਼ਾਂ ਰਚੀਆਂ ਹਨ, ਪਰ ਪੰਜਾਬ ਦੇ ਸੂਝਵਾਨ ਲੋਕ ਹੁਣ ਇਨ੍ਹਾਂ ਚਾਲਾਂ ਨੂੰ ਸਮਝ ਚੁੱਕੇ ਹਨ। ਸ਼੍ਰੋਮਣੀ ਅਕਾਲੀ ਦਲ ਦਾ ਕਹਿਣਾ ਹੈ ਕਿ ਉਹ ਕੇਵਲ ਵੋਟਾਂ ਦੀ ਰਾਜਨੀਤੀ ਨਹੀਂ ਕਰਦੇ, ਬਲਕਿ ਪੰਜਾਬ ਦੀ ਖ਼ੁਸ਼ਹਾਲੀ ਅਤੇ 'ਸਰਬੱਤ ਦੇ ਭਲੇ' ਲਈ ਵਚਨਬੱਧ ਹਨ। ਉਹਨਾ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕੋਈ ਸਿਆਸੀ ਪਾਰਟੀ ਮਾਤਰ ਨਹੀਂ, ਸਗੋਂ ਪੰਜਾਬੀਆਂ ਦੀਆਂ ਭਾਵਨਾਵਾਂ ਦਾ ਪ੍ਰਤੀਕ ਹੈ।
ਉਹਨਾਂ ਕਿਹਾ ਕਿ ਅਸੀਂ ਹਮੇਸ਼ਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਰਾਖੀ ਲਈ ਆਪਣੀ ਜਾਨ ਦੀ ਬਾਜ਼ੀ ਲਗਾਉਣ ਲਈ ਤਿਆਰ ਹਾਂ।
ਉਹਨਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਅਕਾਲੀ ਦਲ ਵੱਲੋਂ ਵਿੱਢੀ ਗਈ ਲਾਮਬੰਦੀ ਇਹ ਸੰਕੇਤ ਦੇ ਰਹੀ ਹੈ ਕਿ ਪੰਜਾਬ ਵਿੱਚ ਇੱਕ ਵਾਰ ਫਿਰ "ਆਪਣੀ ਖੇਤਰੀ ਪਾਰਟੀ" ਦਾ ਝੰਡਾ ਲਹਿਰਾਉਣ ਲਈ ਲੋਕ ਮਨ ਬਣਾ ਚੁੱਕੇ ਹਨ।

ਸਮਾਜ ਵੀਕਲੀ ਨਿਊਜ਼

# ਸ਼੍ਰੋਮਣੀ ਅਕਾਲੀ ਦਲ ਨੂੰ ਮਿਲੀ ਵੱਡੀ ਮਜ਼ਬੂਤੀ

## ਹਰਪ੍ਰੀਤ ਪਿੰਟੂ ਅਤੇ ਰਣਧੀਰ ਸਿੰਘ ਆਪਣੇ ਸਾਥੀਆਂ ਸਮੇਤ ਅਕਾਲੀ ਦਲ ਵਿੱਚ ਸ਼ਾਮਿਲ



**ਹੁਸ਼ਿਆਰਪੁਰ 19 ਅਪ੍ਰੈਲ ( ਤਰਸੇਮ ਦੀਵਾਨਾ ) –** ਸ਼੍ਰੋਮਣੀ ਅਕਾਲੀ ਦਲ ਦੀਆਂ ਲੋਕ ਪੱਖੀ ਨੀਤੀਆਂ ਅਤੇ ਪਾਰਟੀ ਦੀ ਚੜ੍ਹਦੀ ਕਲਾ ਨੂੰ ਵੇਖਦੇ ਹੋਏ ਅੱਜ ਇਲਾਕੇ ਦੇ ਪ੍ਰਮੁੱਖ ਆਗੂਆਂ ਰਣਧੀਰ ਸਿੰਘ ਅਤੇ ਹਰਪ੍ਰੀਤ ਪਿੰਟੂ ਨੇ ਆਪਣੇ ਸਾਥੀਆਂ ਸਮੇਤ ਪਾਰਟੀ ਦਾ ਪੱਲਾ ਫੜ ਲਿਆ। ਇਨ੍ਹਾਂ ਆਗੂਆਂ ਨੂੰ ਪਾਰਟੀ ਵਿੱਚ ਸ਼ਾਮਿਲ ਕਰਵਾਉਣ ਲਈ ਹਲਕਾ ਇੰਚਾਰਜ ਸੰਜੀਵ ਤਲਵਾੜ ਨੇ ਅਹਿਮ ਭੂਮਿਕਾ ਨਿਭਾਈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਲਾਲੀ ਬਾਜਵਾ ਨੇ ਨਵੇਂ ਸ਼ਾਮਿਲ ਹੋਏ ਆਗੂਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਪਾਰਟੀ ਵਿੱਚ ਜੀ ਆਇਆਂ ਨੂੰ ਕਿਹਾ। ਇਸ ਮੌਕੇ ਗੱਲਬਾਤ ਕਰਦਿਆਂ ਲਾਲੀ ਬਾਜਵਾ ਨੇ ਕਿਹਾ ਕਿ ਰਣਧੀਰ ਸਿੰਘ ਅਤੇ ਹਰਪ੍ਰੀਤ ਪਿੰਟੂ ਦੇ ਆਉਣ ਨਾਲ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਵੱਡੀ ਮਜ਼ਬੂਤੀ ਮਿਲੇਗੀ।
ਸੰਜੀਵ ਤਲਵਾੜ ਦੇ ਯਤਨਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਉਹ ਦਿਨ-ਰਾਤ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰ ਰਹੇ ਹਨ। ਸ਼ਾਮਿਲ ਹੋਣ ਵਾਲੇ ਆਗੂਆਂ ਨੇ ਭਰੋਸਾ ਦਿਵਾਇਆ ਕਿ ਉਹ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣਗੇ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਅਕਾਲੀ ਦਲ ਦੀ ਜਿੱਤ ਯਕੀਨੀ ਬਣਾਉਣ ਲਈ ਡਟ ਕੇ ਕੰਮ ਕਰਨਗੇ।
ਇਸ ਮੌਕੇ ਸੰਜੀਵ ਥਾਪਰ ਜਿਲਾ ਉਪ ਪ੍ਰਧਾਨ, ਹਰਭਜਨ ਸਿੰਘ ਵਧਾਵਨ ਅਤੇ ਪਾਰਟੀ ਦੇ ਹੋਰ ਵੀ ਕਈ ਸੀਨੀਅਰ ਆਗੂ ਅਤੇ ਵਰਕਰ ਮੌਜੂਦ ਸਨ, ਜਿਨ੍ਹਾਂ ਨੇ ਨਵੇਂ ਸਾਥੀਆਂ ਦਾ ਉਤਸ਼ਾਹ ਵਧਾਇਆ।

**ਫੋਟੋ ਅਜਮੇਰ ਦੀਵਾਨਾ**

ਸਮਾਜ ਵੀਕਲੀ ਨਿਊਜ਼

# ਨਸ਼ਿਆਂ ਦੀ ਦਲਦਲ ਵਿੱਚ ਫਸ ਰਹੀ ਨੌਜਵਾਨ ਪੀੜ੍ਹੀ ਪ੍ਰਸ਼ਾਸਨ ਵਲੋਂ ਸਖ਼ਤੀ ਦੇ ਦਾਅਵੇ ਨਿਕਲੇ ਖੋਖਲੇ : ਬਲਜਿੰਦਰ ਸਿੰਘ ਖਾਲਸਾ



**ਹੁਸ਼ਿਆਰਪੁਰ 19 ਅਪ੍ਰੈਲ ( ਤਰਸੇਮ ਦੀਵਾਨਾ )** - ਅੱਜ ਦੇ ਦੌਰ ਵਿੱਚ ਨਸ਼ਿਆਂ ਦਾ ਕੋਹੜ ਸਾਡੇ ਸਮਾਜ ਨੂੰ ਅੰਦਰੋਂ-ਅੰਦਰੀਂ ਖੋਖਲਾ ਕਰ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਨਸ਼ਿਆਂ ਦੀ ਵੱਧ ਰਹੀ ਵਰਤੋਂ ਕਾਰਨ ਨਾ ਸਿਰਫ਼ ਨੌਜਵਾਨਾਂ ਦੀ ਸਿਹਤ ਵਿਗੜ ਰਹੀ ਹੈ, ਸਗੋਂ ਕਈ ਹੱਸਦੇ-ਵਸਦੇ ਪਰਿਵਾਰ ਉੱਜੜ ਚੁੱਕੇ ਹਨ। ਸਥਾਨਕ ਇਲਾਕਿਆਂ ਵਿੱਚੋਂ ਮਿਲ ਰਹੀਆਂ ਰਿਪੋਰਟਾਂ ਮੁਤਾਬਕ, ਚਿੱਟੇ ਦੇ ਨਸ਼ੇ ਦੀ ਸਪਲਾਈ ਨੇ ਮਾਪਿਆਂ ਦੀ ਚਿੰਤਾ ਵਧਾਈਂ ਹੋਈ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਆਯੂਰ ਜੀਵਨ ਆਯੂਰਵੈਦਿਕ ਰਿਸਰਚ ਸੈਂਟਰ ਦੇ ਐਮ ਡੀ ਅਤੇ ਦਲ ਖਾਲਸਾ ਦੇ ਜਿਲ੍ਹਾ ਪ੍ਰਧਾਨ ਬਲਜਿੰਦਰ ਸਿੰਘ ਖਾਲਸਾ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਕੀਤਾ ਉਹਨਾਂ ਕਿਹਾ ਕਿ ਡਾਕਟਰਾਂ ਦਾ ਕਹਿਣਾ ਹੈ ਕਿ ਨਸ਼ਿਆਂ ਕਾਰਨ ਨੌਜਵਾਨਾਂ ਵਿੱਚ ਮਾਨਸਿਕ ਰੋਗ ਦਿਲ ਦੀਆਂ ਬਿਮਾਰੀਆਂ ਅਤੇ ਲਿਵਰ ਫੇਲ੍ਹ ਹੋਣ ਦੇ ਮਾਮਲੇ ਤੇਜ਼ੀ ਨਾਲ ਵਧ ਰਹੇ ਹਨ। ਉਹਨਾਂ ਕਿਹਾ ਕਿ ਨਸ਼ੇ ਦੀ ਪੂਰਤੀ ਲਈ ਨੌਜਵਾਨ ਚੋਰੀਆਂ, ਲੁੱਟ-ਖੋਹ ਅਤੇ ਹੋਰ ਅਪਰਾਧਿਕ ਗਤੀਵਿਧੀਆਂ ਵੱਲ ਪ੍ਰੇਰਿਤ ਹੋ ਰਹੇ ਹਨ, ਜਿਸ ਨਾਲ ਅਮਨ-ਕਾਨੂੰਨ ਦੀ ਸਥਿਤੀ ਵੀ ਪ੍ਰਭਾਵਿਤ ਹੋ ਰਹੀ ਹੈ। ਉਹਨਾਂ ਕਿਹਾ ਕਿ ਇੱਕ ਨਸ਼ੇੜੀ ਵਿਅਕਤੀ ਨਾ ਸਿਰਫ਼ ਆਪਣੀ ਕਮਾਈ ਬਰਬਾਦ ਕਰਦਾ ਹੈ, ਸਗੋਂ ਪੂਰੇ ਪਰਿਵਾਰ ਨੂੰ ਕਰਜ਼ੇ ਦੀ ਪੰਡ ਹੇਠ ਦੱਬ ਦਿੰਦਾ ਹੈ। ਉਹਨਾਂ ਕਿਹਾ ਕਿ ਨਸ਼ਾ ਸਿਰਫ਼ ਇੱਕ ਇਨਸਾਨ ਨੂੰ ਨਹੀਂ, ਸਗੋਂ ਪੂਰੀ ਨਸਲ ਨੂੰ ਤਬਾਹ ਕਰ ਦਿੰਦਾ ਹੈ ਇਸ ਕਰਕੇ ਸਾਨੂੰ ਸਾਰਿਆਂ ਨੂੰ ਮਿਲ ਕੇ ਇਸ ਵਿਰੁੱਧ ਜੰਗ ਲੜਨੀ ਪਵੇਗੀ।
ਉਹਨਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ ਅਤੇ ਉਸਾਰੂ ਗਤੀਵਿਧੀਆਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਉਹਨਾਂ ਕਿਹਾ ਕਿ ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਦੀਆਂ ਆਦਤਾਂ ਅਤੇ ਸੰਗਤ 'ਤੇ ਤਿੱਖੀ ਨਜ਼ਰ ਰੱਖਣ। ਉਹਨਾਂ ਕਿਹਾ ਕਿ ਜੇਕਰ ਸਮਾਂ ਰਹਿੰਦੇ ਨਸ਼ਿਆਂ ਦੇ ਇਸ ਵੱਗਦੇ ਦਰਿਆ ਨੂੰ ਨਾ ਰੋਕਿਆ ਗਿਆ, ਤਾਂ ਆਉਣ ਵਾਲਾ ਭਵਿੱਖ ਹੋਰ ਵੀ ਭਿਆਨਕ ਹੋ ਸਕਦਾ ਹੈ। ਸਰਕਾਰ, ਪੁਲਿਸ ਅਤੇ ਆਮ ਜਨਤਾ ਦੇ ਸਾਂਝੇ ਯਤਨ ਹੀ ਇਸ ਸਮੱਸਿਆ ਦਾ ਹੱਲ ਕਰ ਸਕਦੇ ਹਨ।







# ਪਿੰਡ ਬਾਹੋਵਾਲ ਵਿਖੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਜਨਮ ਦਿਨ ਮਨਾਇਆ ਗਿਆ

**ਚੱਬੇਵਾਲ (ਚਰਨਜੀਤ ਸੱਲ੍ਹਾਂ )** ਕੱਲ 18-04-2026 ਨੂੰ ਪਿੰਡ ਬਾਹੋਵਾਲ ਹਲਕਾ ਚੱਬੇਵਾਲ ਦੇ ਵਿਚ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਡਾ ਬੀ ਆਰ ਅੰਬੇੜਕਰ ਯੂਥ ਕਲੱਬ ਬਾਹੋਵਾਲ ਵਲੋਂ ਨੀਰਜ ਅਤੇ ਵਰਿੰਦਰ ਸਿੰਘ ਜੀ ਦੀ ਅਗਵਾਈ ਵਿੱਚ ਮਨਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਐਡਵੋਕੇਟ ਪਲਵਿੰਦਰ ਮਾਨਾ ਇੰਚਾਰਜ ਬਸਪਾ ਹਲਕਾ ਚੱਬੇਵਾਲ ਜੀ ਸਾਥੀਆ ਸਮੇਤ ਪੋਹੁੰਚੇ ੀ ਪ੍ਰੋਗਰਾਮ ਵਿੱਚ ਮੁੱਖ ਬੁਲਾਰੇ ਵਜੋਂ ਜੱਸੀ ਤਲ੍ਹਣ ਪ੍ਰਧਾਨ ਗੁਰੂ ਰਵਿਦਾਸ ਜੀ ਟਾਈਗਰ ਫੋਰਸ ਪੰਜਾਬ ਪ੍ਰਹੰਚੇ ੀ ਐਡੋਵੋਕੇਟ ਮਾਨਾ ਜੀ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਬਾਬਾ ਸਾਹਿਬ ਜੀ ਦੀ ਵਿਚਾਰ ਧਾਰਾ ਨੂੰ ਅਪਣਾ ਕੇ ਆਪਣੇ ਬਚਿਆ ਨੂੰ ਆਪਣੇ ਰਹਿਬਰਾਂ ਦੀ ਵਿਚਾਰ ਧਾਰਾ ਨਾਲ ਜੋੜਿਆ ਜਾਵੇ ਤਾਂ ਜੋ ਸਾਡੇ ਬੱਚੇ ਆਪਣੇ ਰਹਿਬਰਾਂ





ਦੇ ਇਤਿਹਾਸ ਤੋਂ ਜਾਣੂ ਹੋਣ ੀ ਅਖੀਰ ਵਿੱਚ ਐਡੋਵੋਕੇਟ ਮਾਨਾ ਜੀ ਨੇ ਸਾਰੇ ਸਾਥੀਆ ਨੂੰ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਦੇ ਨਾਲ ਜੁੜਨ ਦੀ ਅਪੀਲ ਕੀਤੀ ੀ ਸਟੇਜ ਸੈਕਟਰੀ ਦੀ ਭੂਮਿਕਾ ਸ ਦਵਿੰਦਰ ਸਿੰਘ ਬਾਮਸੈਫ ਜੀ ਨਿਭਾਈ। ਇਸ ਦੌਰਾਨ ਐਡਵੋਕੇਟ ਪਲਵਿੰਦਰ ਮਾਨਾ ਜੀ ਅਤੇ ਜੱਸੀ ਤਲ੍ਹਨ ਜੀ ਨੇ ਆਏ ਹੋਏ ਸਹਿਯੋਗੀ ਸੱਜਣਾ ਅਤੇ ਹੋਰ ਸਾਥੀਆ ਨੂੰ ਸਨਮਾਨਿਤ ਕੀਤਾ।

ਇਸ ਮੌਕੇ ਆਗੂ ਸਾਥੀਆ ਵਿਚ ਰਾਕੇਸ਼ ਕਿਟੀ ਜੀ ਜਿਲਾ ਸਕੱਤਰ ਬਸਪਾ, ਜੱਸੀ ਖਾਨਪੁਰ ਬਸਪਾ ਆਗੂ, ਚਰਣਜੀਤ ਬਾਹੋਵਾਲ ਬਸਪਾ ਆਗੂ , ਰਾਜੇਸ਼ ਭੂੰਨੋ ਹਲਕਾ ਖਜਾਨਚੀ, ਭੂਪਿੰਦਰ ਸਿੰਘ , ਮਾਸਟਰ ਜੈ ਰਾਮ ਜੀ, ਮਾਸਟਰ ਕਰਨੈਲ ਸਿੰਘ, ਮਨਪ੍ਰੀਤ ਸਿੰਘ, ਉਪਿੰਦਰ ਸਿੰਘ , ਵਿਸ਼ਾਲ ਅਤੇ ਹੋਰ ਬੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਮੁਕਤਸਰ ਦੀ ਇਤਿਹਾਸਿਕ ਧਰਤੀ ਤੋਂ ਬਸਪਾ ਦੀ 'ਪੰਜਾਬ ਸੰਭਾਲੋ ਮੁਹਿੰਮ' ਦਾ ਗੂੰਜਿਆ ਹੋਕਾ; ਕਰਮਚਾਰੀਆਂ ਦੇ ਹਿਤਾਂ ਦੀ ਪਹਿਰੇਦਾਰੀ ਕਰੇਗੀ ਬਸਪਾ: ਡਾ. ਕਰੀਮਪੁਰੀ







**ਮੁਕਤਸਰ ਸਾਹਿਬ:( ਚਰਨਜੀਤ ਸੱਲ੍ਹਾਂ )** ਸ੍ਰੀ ਮੁਕਤਸਰ ਸਾਹਿਬ ਦੀ ਇਤਿਹ-ਾਸਿਕ ਧਰਤੀ 'ਤੇ ਅੱਜ ਬਹੁਜਨ ਸਮਾਜ ਪਾਰਟੀ ਵੱਲੋਂ 'ਪੰਜਾਬ ਸੰਭਾਲੋ ਮੁਹਿੰਮ' ਤਹਿਤ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਮੌਜੂਦਾ ਅਤੇ ਸੇਵਾ-ਮੁਕਤ (ਰਿਟਾਇਰਡ) ਕਰਮਚਾਰੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਸਮੂਹ ਹਾਜ਼ਰੀਨ ਵੱਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।

ਸਮਾਗਮ ਨੂੰ ਸੰਬੋਧਨ ਕਰਦਿਆਂ ਬਸਪਾ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਪਾਰਟੀ ਵੱਲੋਂ ਵਿੱਢੀ ਗਈ 'ਪੰਜਾਬ ਸੰਭਾਲੋ ਮੁਹਿੰਮ' ਸੂਬੇ ਦੇ ਹਰ ਵਰਗ ਦੀ ਆਵਾਜ਼ ਬਣ ਰਹੀ ਹੈ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਭਰੋਸਾ ਦਿਵਾਇਆ ਕਿ ਇਹ ਮੁਹਿਮ ਕਰਮਚਾਰੀਆਂ ਦੇ ਹਿਤਾਂ ਦੀ ਪਹਿਰੇਦਾਰੀ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਕਰੀਮਪੁਰੀ ਨੇ ਕਿਹਾ ਕਿ ਸਰਕਾਰੀ ਤੰਤਰ ਦੀ ਰੀੜ੍ਹ ਦੀ ਹੱਡੀ ਮੰਨੇ ਜਾਣ ਵਾਲੇ ਕਰਮਚਾਰੀਆਂ ਦੀਆਂ ਹੱਕੀ ਮੰਗਾਂ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਹੱਲ ਬਸਪਾ ਦੀ ਮੁੱਖ ਤਰਜੀਹ ਹੈ।

ਬੁੱਧੀਜੀਵੀ ਵਰਗ ਦਾ ਸਮਰਥਨ: 'ਪੰਜਾਬ ਸੰਭਾਲੋ ਮੁਹਿੰਮ' ਨੂੰ ਮੁਕਤਸਰ ਵਿਖੇ ਬੁੱਧੀਜੀਵੀ ਵਰਗ ਅਤੇ ਪੜ੍ਹੇ-ਲਿਖੇ ਤਬਕੇ ਦਾ ਭਰਪੂਰ ਆਸ਼ੀਰਵਾਦ ਅਤੇ ਸਮਰਥਨ ਮਿਲਿਆ।

ਕਰਮਚਾਰੀਆਂ ਦੀ ਅਹਿਮੀਅਤ: ਡਾ. ਕਰੀਮਪੁਰੀ ਨੇ ਕਿਹਾ ਕਿ ਮੌਜੂਦਾ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਅੱਜ ਮੁਲਾਜ਼ਮ ਵਰਗ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ, ਜਿਸ ਦੀ ਬਾਂਹ ਬਸਪਾ ਫੜੇਗੀ, ਬਾਬਾ ਸਾਹਿਬ ਦੇ ਜਨਮ ਦਿਨ ਮੌਕੇ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲਣ ਅਤੇ ਸੰਵਿਧਾਨਿਕ ਹੱਕਾਂ ਦੀ ਰਾਖੀ ਲਈ ਜਥੇਬੰਦ ਹੋਣ ਦਾ ਪ੍ਰਣ ਲਿਆ ਗਿਆ।

ਸਮਾਗਮ ਦੌਰਾਨ "ਪੰਜਾਬ ਸੰਭਾਲੋ ਮੁਹਿੰਮ ਜ਼ਿੰਦਾਬਾਦ" ਦੇ ਨਾਅਰਿਆਂ ਨਾਲ ਪੂਰਾ ਪੰਡਾਲ ਗੂੰਜ ਉੱਠਿਆ। ਬੁੱਧੀਜੀਵੀ ਵਰਗ ਅਤੇ ਰਿਟਾਇਰਡ ਅਧਿਕਾਰੀਆਂ ਨੇ ਵਿਸ਼ਵਾਸ ਦਿਵਾਇਆ ਕਿ ਉਹ ਪੰਜਾਬ ਦੇ ਸੁਨਹਿਰੀ ਭਵਿੱਖ ਲਈ ਅਤੇ ਡਾ. ਕਰੀਮਪੁਰੀ ਦੀ ਅਗਵਾਈ ਹੇਠ ਇਸ ਮੁਹਿੰਮ ਨੂੰ ਪਿੰਡ-ਪਿੰਡ ਅਤੇ ਘਰ-ਘਰ ਤੱਕ ਪਹੁੰਚਾਉਣਗੇ।

ਇਸ ਮੌਕੇ ਪਾਰਟੀ ਦੇ ਗੁਰਬਖਸ਼ ਸਿੰਘ ਚੌਹਾਨ,ਸੰਤ ਰਾਮ ਮੱਲੀਆਂ,ਸ਼ੀਲਾ ਰਾਣੀ,ਬਲਕਾਰ ਸਿੰਘ,ਸੁਖਦੇਵ ਰਾਮਦੀਪ ਸਿੰਘ,ਗੁਰਦੀਪ ਸਿੰਘ, ਹਰਪ੍ਰੀਤ ਸਿੰਘ, ਗੁਰਲਾਲ ਸਿੰਘ, ਸੀਨੀਅਰ ਆਗੂ ਸਥਾਨਕ ਇਕਾਈ ਦੇ ਅਹੁਦੇਦਾਰ ਅਤੇ ਵੱਡੀ ਗਿਣਤੀ ਵਿੱਚ ਮੁਲਾਜ਼ਮ ਜਥੇਬੰਦੀਆਂ ਦੇ ਨੁਮਾਇੰਦੇ ਹਾਜ਼ਰ ਸਨ।

# ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੀ 42ਵੀਂ ਵਰ੍ਹੇਗੰਢ ਨੂੰ ਸਮਰਪਿਤ ਚਮੜੀ ਦੇ ਰੋਗਾਂ ਦਾ ਮੁਫ਼ਤ ਚੈੱਕਅਪ ਕੈਂਪ ਲੱਗਾ

**ਬੰਗਾ 19 ਅਪਰੈਲ (ਚਰਨਜੀਤ ਸੱਲ੍ਹਾਂ)** ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੀ 42ਵੀਂ ਵਰ੍ਹੇਗੰਢ ਨੂੰ ਸਮਰਪਿਤ ਚਮੜੀ ਦੇ ਰੋਗਾਂ ਦਾ ਮੁਫਤ ਚੈੱਕਅਪ ਕੈਂਪ ਅੱਜ ਹਸਪਤਾਲ ਦੀ ਉ ਪੀ ਡੀ ਵਿਚ ਲਗਾਇਆ ਗਿਆ । ਜਿਸ ਦਾ 284 ਮਰੀਜ਼ਾਂ ਨੇ ਮੁਫਤ ਚੈੱਕਅਪ ਕਰਵਾਕੇ ਲਾਭ ਪ੍ਰਾਪਤ ਕੀਤਾ । ਇਸ ਮੌਕੇ ਹਸਪਤਾਲ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਦੱਸਿਆ ਇਹ ਚਮੜੀ ਦੇ ਰੋਗਾਂ ਦਾ ਮੁਫਤ ਕੈਂਪ ਲੋੜਵੰਦ ਮਰੀਜ਼ਾਂ ਦੀ ਮਦਦ ਕਰਨ ਲਈ ਲਗਾਇਆ ਗਿਆ ਹੈ, ਜਿਸ ਨਾਲ ਇਲਾਕੇ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ । ਸ. ਢਾਹਾਂ ਨੇ ਕਿਹਾ ਕਿ ਆਮ ਲੋਕਾਈ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਲਈ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਹਮੇਸ਼ਾ ਵਚਨਬੱਧ ਹੈ । ਅੱਜ ਦੇ ਇਸ ਕੈਂਪ ਵਿਚ ਚਮੜੀ ਰੋਗਾਂ ਦੇ ਮਾਹਿਰ ਡਾ. ਕਰਨ ਛਾਬੜਾ ਵੱਲੋਂ ਮਰੀਜ਼ਾਂ ਦੀ ਮੁਫਤ ਚੈੱਕਅਪ ਕੀਤਾ ਗਿਆ ਤੇ ਉਹਨਾਂ ਨੇ ਮਰੀਜ਼ਾਂ ਨੂੰ ਚਮੜੀ ਦੀਆਂ ਬਿਮਾਰੀਆਂ ਤੋਂ ਬਚਾਅ ਰੱਖਣ ਲਈ ਵੀ ਜਾਗੁਰਕ ਕੀਤਾ । ਕੈਂਪ ਵਿਚ ਮਰੀਜ਼ਾਂ ਦੀ ਮੁਫਤ ਰਜਿਸਟਰੇਸ਼ਨ ਹੋਈ ਅਤੇ ਦਵਾਈਆਂ ਵੀ ਮੁਫ਼ਤ ਵੰਡੀਆਂ ਗਈਆਂ। ਇਸ ਮੌਕੇ ਡਾ. ਕਰਨਬੀਰ ਸਿੰਘ ਬੱਲ ਮੈਡੀਕਲ ਅਫਸਰ, ਜੋਤੀ ਭਾਟੀਆ, ਰਣਜੀਤ ਸਿੰਘ ਮਾਨ, ਕਰਨ ਸਰਗੰਲ, ਵਿਸ਼ਾਲ ਚੌਧਰੀ, ਰਾਹੁਲ ਵਰਮਾ, ਵਿਵੇਕ ਅਰੋੜਾ, ਅਮਿਤ ਪੁਰੀ ਤੋਂ ਇਲਾਵਾ ਨਰਸਿੰਗ ਅਤੇ ਪੈਰਾ ਮੈਡੀਕਲ ਸਟਾਫ ਵੀ ਹਾਜ਼ਰ ਸੀ।



ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਲੱਗੇ ਮੁਫਤ ਚਮੜੀ ਦੇ ਰੋਗਾਂ ਦੇ ਮੁਫਤ ਕੈਂਪ ਵਿਚ ਡਾ. ਕਰਨ ਛਾਬੜਾ ਮਰੀਜ਼ਾਂ ਦੀ ਜਾਂਚ ਕਰਨ ਮੌਕੇ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਡਿਪ੍ਰੈਸ਼ਨ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ: ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC) - ਮਾਨਸਿਕ ਤਣਾਅ, ਥਕਾਵਟ, ... ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ਮਰਦਾਨਾ ਤਾਕਤ ਦਾ ... ਨੁਸਖਾ- 1 ਮਹੀਨੇ ਦੀ ਕੀਮਤ £35
2) ... ਨੁਸਖਾ- 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :
(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE) ...

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders) ...

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE, MRS. JASWINDER KAUR KHANBA BSYA (HOM.) (A.P.) AND (NUTRI.)

## ਔਰਤਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

... INFORMATION, ... 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS): ... (PIGMENTATION WHITE SPOTS) ... ਇਕ ਮਹੀਨੇ ਦੀ ਕੀਮਤ £69
ਨੁਸਖਾ ਨੰਬਰ 2 (IN CAPSULES OR IN PEARLS): ... PROPER SHAPE ... £89
ਨੁਸਖਾ ਨੰਬਰ 3 (IN CAPSULES): ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES): ... (FLABBY & OUT OF SHAPE BELLY) ... FLAT ਅਤੇ TONED ... £69
ਨੁਸਖਾ ਨੰਬਰ 5 (IN CAPSULES): ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS): ... SEXUAL DISCOMFORT ... (VAGINAL LUBRICATION GEL / MAGIC) — £49
ਨੁਸਖਾ ਨੰਬਰ 7 (IN CAPSULES): ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES): ... £59
ਨੁਸਖਾ ਨੰਬਰ 9 (IN CAPSULES): ... £59
ਨੁਸਖਾ ਨੰਬਰ 10 (IN CAPSULES): ... GUARANTEED GOOD QUALITY SLEEP ... £59
ਨੁਸਖਾ ਨੰਬਰ 11 (IN TABLETS): ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ... (SPECIAL OCCASIONS) ... £89
ਨੁਸਖਾ ਨੰਬਰ 13 (IN VIALS): ... £89
ਨੁਸਖਾ ਨੰਬਰ 14 (IN TABLETS): ... SEXUAL ... MALE DISORDERS ... £69

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), ਟੌਂਸਿਲ (Tonsilits), ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ਮਿਰਗੀ (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES | (IN OINTMENT) - ... | £19 |
| NURALACO | (IN OINTMENT OR LOTION) — ... | £19 |
| CHILLAGA | (IN OINTMENT OR LOTION) — ... | £19 |
| ARNSTRA | (IN OINTMENT) — ... (SPRAINS) ... (BED SORES) ... | £19 |
| BELINFLA | (IN OIL OR OINTMENT) — ... | £19 |
| BELULCE | (IN OIL) — ... ULCERS ... | £19 |
| BRYJOIN | (IN OIL) — ... | £19 |
| CALWOUN | (IN OIL OR OINTMENT) — ... | £19 |
| BURCAN | (IN LOTION OR OINTMENT) — ... | £19 |
| ROUTUM | (IN OINTMENT) — ... | £19 |
| JOINRHU | (IN OIL) — ... | £19 |
| ABSSIL | (IN LOTION) — ... | £19 |
| ITCSUL | (IN OIL) — ... | £19 |
| WARTHU | (IN OIL) — ... (WARTS) ... | £19 |

* HOMOEOPATHIC HEALTH CLINIC ... (ਹਰ ਆਰਡਰ ਨਾਲ £10 ਪੈਕਿੰਗ ਤੇ ਪੋਸਟੇਜ ਲਈ)

ਹਰ ਤਰ੍ਹਾਂ ਦੇ ਨਸ਼ਿਆਂ ਅਤੇ ਉਹਨਾਂ ਨਾਲ ਸਰੀਰ 'ਚ ਪਏ ਨੁਕਸਾਂ ਤੋਂ ਮੁਕੰਮਲ ਛੁਟਕਾਰਾ ਹੋਰ ਜਾਣਕਾਰੀ ਲਈ ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਪੰਜਾਬੀ ਬੋਲੀ ਦੇ ਪ੍ਰਚਾਰ ਪ੍ਰਸਾਰ ਲਈ ਯਤਨਸ਼ੀਲ ਐਨਆਰਆਈ ਮਾਨ ਭਰਾਵਾਂ ਦਾ ਕੀਤਾ ਸਨਮਾਨ

**ਬੰਗਾ( ਚਰਨਜੀਤ ਸੱਲ੍ਹਾਂ )** ਰੋਟਰੀ ਕਲੱਬ ਬੰਗਾ ਗ੍ਰੀਨ ਵਲੋਂ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਇੱਕ ਵਿਸ਼ੇਸ਼ ਸਮਾਗਮ ਸਰਬਜੀਤ ਸਿੰਘ ਬੇਦੀ ਦੇ ਗ੍ਰਹਿ ਝਿੱਕਾ ਰੋਡ ਬੰਗਾ ਵਿਖੇ ਕਰਵਾਇਆ ਗਿਆ। ਜਿਸਦਾ ਮਕਸਦ ਪੰਜਾਬੀ ਬੋਲੀ ਦੀ ਪਹਿਚਾਣ ਅਤੇ ਸਾਡੇ ਅਮੀਰ ਵਿਰਸੇ ਨੂੰ ਪ੍ਰਫੁੱਲਤ ਕਰਨਾ ਸੀ। ਇਸ ਮੌਕੇ ਤੇ ਬੰਗਾ ਸ਼ਹਿਰ ਦੇ ਜੰਮਪਲ ਅਤੇ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਪਸਾਰ ਵਿੱਚ ਨਿਰੰਤਰ ਯੋਗਦਾਨ ਪਾਉਣ ਵਾਲੇ ਸਰਦਾਰ ਸੁੱਚਾ ਸਿੰਘ ਮਾਨ (ਕੈਨੇਡਾ ਨਿਵਾਸੀ) ਅਤੇ ਸਰਦਾਰ ਮੇਵਾ ਸਿੰਘ ਮਾਨ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਨੂੰ ਸਨਮਾਨ ਚਿੰਨ ਅਤੇ ਸਿਰੋਪਾਓ ਭੇਂਟ ਕਰਕੇ ਸਤਿਕਾਰ ਦਿੱਤਾ ਗਿਆ ਅਤੇ ਮਾਨ ਭਰਾਵਾਂ ਦਾ ਸਨਮਾਨ ਕਰਕੇ ਕਲੱਬ ਦੇ ਸਾਰੇ ਮੈਂਬਰਾਂ ਨੇ ਮਾਣ ਅਤੇ ਗਰਵ ਮਹਿਸੂਸ ਕੀਤਾ। ਸਮਾਗਮ ਦੌਰਾਨ ਪੰਜਾਬੀ ਸੱਭਿਆਚਾਰ ਨੂੰ ਪ੍ਰੇਮ ਕਰਨ ਵਾਲੇ ਅਮਰਦੀਪ ਬੰਗਾ ਅਤੇ ਨਰਿੰਦਰ ਮਾਹੀ ਨੇ ਆਪਣੇ ਦਿਲਕਸ਼ ਅੰਦਾਜ਼ ਵਿੱਚ ਗਾਇਕੀ ਪੇਸ਼ ਕਰਕੇ ਮਾਹੌਲ ਨੂੰ ਰੰਗੀਨ ਅਤੇ ਯਾਦਗਾਰ ਬਣਾ ਦਿੱਤਾ। ਇਸ ਮੌਕੇ ਮਾਨ ਭਰਾਵਾਂ ਨੇ ਆਪਣੇ ਸਾਂਝੇ ਬਿਆਨ ਵਿੱਚ ਕਿਹਾ ਕਿ "ਪੰਜਾਬੀ ਮਾਂ ਬੋਲੀ ਸਾਡੀ ਪਛਾਣ ਅਤੇ ਸਾਡੀ ਰੂਹ ਦੀ ਆਵਾਜ਼ ਹੈ, ਇਸਦੀ ਸੰਭਾਲ ਅਤੇ ਪ੍ਰਚਾਰ ਹਰ ਪੰਜਾਬੀ ਦਾ ਫਰਜ਼ ਹੈ ਅਤੇ ਆਉਣ ਵਾਲੀਆਂ ਪੀੜੀਆਂ ਨੂੰ ਇਸ ਨਾਲ ਜੋੜਨਾ ਸਮੇਂ ਦੀ ਲੋੜ ਹੈ।" ਇਸ ਦੇ ਨਾਲ ਹੀ ਕਲੱਬ ਦੇ ਪ੍ਰਧਾਨ ਰੋਟੇ. ਦਿਲਬਾਗ ਸਿੰਘ ਬਾਗੀ, ਵਾਇਸ ਪ੍ਰਧਾਨ ਰੋਟੇ. ਸ਼ਮਿੰਦਰ ਸਿੰਘ ਗਰਚਾ, ਰੋਟੇ. ਡਾਕਟਰ ਧਰਮਜੀਤ ਸਿੰਘ (ਐਕਸ ਵਾਇਸ ਚਾਂਸਲਰ) ਅਤੇ ਰੋਟੇ. ਸਰਬਜੀਤ ਸਿੰਘ ਬੇਦੀ ਵਲੋਂ ਸਾਂਝੇ ਬਿਆਨ ਵਿੱਚ ਕਿਹਾ ਕਿ ਸਾਡਾ ਕਲੱਬ ਹਮੇਸ਼ਾਂ ਲੋੜਵੰਦਾਂ ਦੀ ਹਰ ਖੇਤਰ ਵਿੱਚ ਸਹਾਇਤਾ ਕਰਨ ਅਤੇ ਸਮਾਜ ਦੀਆਂ ਉਹਨਾਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕਰਨ ਲਈ ਵਚਨਬੱਧ ਹੈ ਜੋ ਨਿੱਜੀ ਸਵਾਰਥਾਂ ਤੋਂ ਉਪਰ ਉੱਠ ਕੇ ਸੇਵਾ ਦਾ ਜਜ਼ਬਾ ਰੱਖਦੀਆਂ ਹਨ। ਰੋਟਰੀ ਕਲੱਬ ਬੰਗਾ ਗ੍ਰੀਨ ਹਮੇਸ਼ਾਂ ਸਮਾਜ ਸੇਵਾ ਵਿੱਚ ਅੱਗੇ ਰਹਿੰਦਾ ਹੈ ਅਤੇ ਲੋੜਵੰਦਾਂ ਦੀ ਮਦਦ ਨੂੰ ਆਪਣਾ ਫਰਜ਼ ਸਮਝਦਾ ਹੈ, ਨਾਲ ਹੀ ਮਾਂ ਬੋਲੀ ਪੰਜਾਬੀ ਦੀ ਮਹੱਤਤਾ ਨੂੰ ਸਮਝਦਿਆਂ ਇਸਦੀ ਰੱਖਿਆ ਅਤੇ ਵਧਾਵੇ ਲਈ ਹਰ ਸੰਭਵ ਯਤਨ ਜਾਰੀ ਰੱਖੇ ਜਾਣਗੇ। ਇਸ ਸਮਾਗਮ ਦੌਰਾਨ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਰੋਟੇ. ਦਿਲਬਾਗ ਸਿੰਘ ਬਾਗੀ ਨੇ ਬੜੀ ਬਾਖੂਬੀ ਨਾਲ ਨਿਭਾਈ। ਇਸ ਮੌਕੇ ਹੋਰ ਹਾਜ਼ਰ ਸ਼ਖ਼ਸੀਅਤਾਂ ਵਿੱਚ ਰੋਟੇ. ਰਣਜੀਤ ਸਿੰਘ ਕੰਦੋਲਾ, ਰੋਟੇ. ਜੀਵਨ ਦਾਸ ਕੌਸ਼ਲ, ਰੋਟੇ. ਸ਼ਮਸ਼ੇਰ ਸਿੰਘ ਝਿੱਕਾ ਸਾਬਕਾ ਪ੍ਰਧਾਨ ਬਾਰ ਐਸੋਸੀਏਸ਼ਨ ਨਵਾਂਸ਼ਹਿਰ ਰੋਟੇ. ਸੁੱਖਵਿੰਦਰ ਸਿੰਘ ਧਾਮੀ ਅਤੇ ਰੋਟੇ. ਸ਼ਰਨਜੀਤ ਸਿੰਘ ਵੀ ਸ਼ਾਮਲ ਸਨ।



**ਰੋਟਰੀ ਕਲੱਬ ਬੰਗਾ ਗ੍ਰੀਨ ਦੇ ਪ੍ਰਧਾਨ ਰੋਟ ਦਿਲਬਾਗ ਸਿੰਘ ਬਾਗੀ, ਰੋਟ ਸ਼ਮਿੰਦਰ ਸਿੰਘ ਗਰਚਾ ਅਤੇ ਮੈਂਬਰਾਂ ਵੱਲੋਂ ਮਾਨ ਭਰਾਵਾਂ ਦਾ ਸਨਮਾਨ ਕਰਦੇ ਹੋਏ।**

# ਸੀਬੀਐਸਈ 10ਵੀਂ ਜਮਾਤ ਵਿੱਚ 93.8 ਪ੍ਰਤੀਸ਼ਤ ਅੰਕਾਂ ਨਾਲ ਮੈਰਿਟ ਵਿੱਚ ਆਈ ਸੋਫੀਆ

## ਭਵਿੱਖ ਵਿੱਚ ਰਿਸਰਚਰ ਬਣਕੇ ਜ਼ਿੰਦਗੀ ਸਫਲ ਕਰਨ ਦਾ ਸੁਪਨਾ

**ਬੰਗਾ (ਚਰਨਜੀਤ ਸੱਲ੍ਹਾਂ):-** ਸੀਬੀਐਸਈ 10ਵੀਂ ਜਮਾਤ ਦੇ ਇਮਤਿਹਾਨ ਦੇ ਨਤੀਜਿਆਂ ਵਿੱਚ ਭਗਵਾਨ ਮਹਾਂਵੀਰ ਪਬਲਿਕ ਸਕੂਲ ਬੰਗਾ (ਬੀ ਐਮ ਪੀ ਐਸ) ਦੀ ਵਿਦਿਆਰਥਣ ਸੋਫੀਆ ਨੇ 93.8 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਮੈਰਿਟ ਵਿੱਚ ਸਥਾਨ ਪ੍ਰਾਪਤ ਕੀਤਾ ਹੈ। ਉਸਦੇ ਸਕੂਲ ਨੇ ਉਸ ਤੇ ਫੁੱਲਾਂ ਦੀ ਵਰਖਾ ਕਰਕੇ ਅਤੇ ਮਠਿਆਈਆਂ ਵੰਡ ਕੇ ਉਸਦੀ ਪ੍ਰਾਪਤੀ ਦਾ ਜਸ਼ਨ ਮਨਾਇਆ। ਉਸ ਦੀ ਮਾਤਾ ਨੀਲਮ ਸਰੋਆ ਵੀ ਉਸਦੇ ਮੈਰਿਟ ਆਉਣ ਤੇ ਬਹੁਤ ਉਤਸ਼ਾਹਿਤ ਹੈ। ਆਂਢ ਗੁਆਂਢ ਅਤੇ ਰਿਸ਼ਤੇਦਾਰਾਂ ਤੋਂ ਵਧਾਈਆਂ ਲੈਂਕੇ ਸਭ ਦਾ ਮੂੰਹ ਮਿੱਠਾ ਕਰਵਾ ਰਹੀ ਹੈ। ਬੀ ਐਮ ਪੀ ਐਸ ਸਕੂਲ ਦੀ ਇੱਹ ਵਿਦਿਆਰਥਣ ਸੋਫੀਆ ਹੁਣ ਰਿਸਰਚਰ ਬਣ ਕੇ ਆਪਣੀ ਜ਼ਿੰਦਗੀ ਨੂੰ ਸਫ਼ਲ ਬਣਾਉਣ ਦੀ ਇੱਛਾ ਰੱਖਦੀ ਹੈ। ਗੱਲਬਾਤ ਦੌਰਾਨ ਸੋਫੀਆ ਨੇ ਦੱਸਿਆ ਕਿ ਉਹ ਇੱਕ ਸਫਲ ਰਿਸਰਚਰ ਬਣਨਾ ਚਾਹੁੰਦੀ ਹੈ। ਉਸ ਦੀ ਐਸਟਰੋ-ਫਿਜਿਕਸ ਵਿਚ ਰੁਚੀ ਹੈ ਇਸ ਕਰਕੇ ਹੀ ਉਸਨੇ 10+1 ਵਿਚ ਸੁਪਰ ਮੈਡੀਕਲ ਦੇ ਵਿਸ਼ਿਆਂ ਨੂੰ ਚੁਣਿਆ ਹੈ। ਉਹ ਸਮਾਜ ਲਈ ਕੁਝ ਖਾਸ ਕਰਨਾ ਚਾਹੁੰਦੀ ਹੈ। ਉਸਦੀ ਮਾਤਾ ਨੀਲਮ ਸਰੋਆ ਨੇ ਕਿਹਾ ਕਿ ਸੋਫੀਆ ਬਚਪਨ ਤੋਂ ਹੀ ਇੱਕ ਹੁਸ਼ਿਆਰ ਵਿਦਿਆਰਥਣ ਰਹੀ ਹੈ ਅਤੇ ਉਸਨੇ ਹਮੇਸ਼ਾ ਸਖ਼ਤ ਮਿਹਨਤ ਨੂੰ ਤਰਜੀਹ ਦਿੱਤੀ ਹੈ। ਉਨ੍ਹਾਂ ਦੇ ਅਨੁਸਾਰ, ਇਹ ਸਫਲਤਾ ਉਸਦੇ ਸਮਰਪਣ ਅਤੇ ਵਚਨਬੱਧਤਾ ਦਾ ਨਤੀਜਾ ਹੈ। ਉਹ ਹਮੇਸ਼ਾ ਆਪਣੀ ਧੀ ਦੇ ਨਾਲ ਖੜ੍ਹੇ ਰਹਿਣਗੇ ਅਤੇ ਉਸਦੇ ਸੁਪਨਿਆਂ ਨੂੰ ਪੂਰਾ ਕਰਨ ਵਿੱਚ ਹਰ ਸੰਭਵ ਸਹਾਇਤਾ ਪ੍ਰਦਾਨ ਕਰਨਗੇ। ਉਸ ਦੀ ਸਕੂਲ ਵਿੱਚ ਹਾਜ਼ਰੀ ਵੀ ਸੌ ਪ੍ਰਤੀਸ਼ਤ ਰਹੀ ਹੈ। ਉਸ ਨੇ ਸਕੂਲ ਵਿੱਚ ਇੱਕ ਵੀ ਛੁੱਟੀ ਨਹੀਂ ਕੀਤੀ ਜਿਸ ਬਦੌਲਤ ਉਸ ਨੂੰ ਸੌ ਪ੍ਰਤੀਸ਼ਤ ਹਾਜਰੀ ਦਾ ਅਵਾਰਡ ਵੀ ਮਿਲਿਆ ਹੈ। ਆਪਣੇ ਸੰਦੇਸ਼ ਵਿੱਚ ਸੋਫੀਆ ਨੇ ਕਿਹਾ ਕਿ ਹਰ ਵਿਦਿਆਰਥੀ ਨੂੰ ਆਪਣੇ ਟੀਚਿਆਂ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਅਤੇ ਕਦੇ ਵੀ ਹਾਰ ਨਹੀਂ ਮੰਨਣੀ ਚਾਹੀਦੀ। ਜੇਕਰ ਤੁਸੀਂ ਸਖ਼ਤ ਅਤੇ ਇਮਾਨਦਾਰੀ ਨਾਲ ਕੰਮ ਕਰਦੇ ਹੋ ਤਾਂ ਤੁਸੀਂ ਯਕੀਨੀ ਤੌਰ 'ਤੇ ਸਫਲਤਾ ਪ੍ਰਾਪਤ ਕਰੋਗੇ। ਅਸਫਲਤਾ ਤੋਂ ਡਰਨਾ ਨਹੀਂ ਚਾਹੀਦਾ, ਸਗੋਂ ਇਸ ਤੋਂ ਸਿੱਖਣਾ ਚਾਹੀਦਾ ਹੈ ਅਤੇ ਅੱਗੇ ਵਧਣਾ ਚਾਹੀਦਾ ਹੈ। ਉਸਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਮੋਬਾਈਲ ਅਤੇ ਇੰਟਰਨੈੱਟ ਮੀਡੀਆ ਤੋਂ ਦੂਰ ਰਹਿਣਾ ਅਤੇ ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰਨਾ ਬਹੁਤ ਜ਼ਰੂਰੀ ਹੈ। ਸਹੀ ਦਿਸ਼ਾ ਵਿੱਚ ਕੋਸ਼ਿਸ਼ ਕਰਦੇ ਰਹਿਣ ਨਾਲ ਹੀ ਸਫਲਤਾ ਦੀ ਕੁੰਜੀ ਹੱਥ ਲੱਗਦੀ ਹੈ। ਸੋਫੀਆ ਨੇ ਆਪਣੀ ਸਫਲਤਾ ਦਾ ਸਿਹਰਾ ਆਪਣੇ ਮਾਤਾ ਪਿਤਾ ਅਤੇ ਸਕੂਲ ਦੇ ਅਧਿਆਪਕਾਂ ਨੂੰ ਦਿੰਦੇ ਹੋਏ ਦੱਸਿਆ ਕਿ ਉਸਦੀ ਮਾਤਾ ਨੀਲਮ ਸਰੋਆ ਅਤੇ ਪਿਤਾ ਸੁੱਖਵਿੰਦਰ ਸਿੰਘ ਜਿੱਥੇ ਅਸਲੀ ਹੀਰੋ ਹਨ ਜਿਨ੍ਹਾਂ ਨੇ ਕਦੇ ਵੀ ਆਰਥਿਕ ਪੱਖੋਂ ਕਦੇ ਵੀ ਤੇ ਡੋਲਣ ਨਹੀਂ ਦਿੱਤਾ। ਮਾਤਾ ਨੀਲਮ ਸਰੋਆ ਨੇ ਉਸ ਨੂੰ ਹਰ ਮੁਸ਼ਕਲ ਸਮੇਂ ਵਿੱਚ ਉਸਦੇ ਹੌਸਲੇ ਨੂੰ ਪਸਤ ਨਹੀਂ ਹੋਣ ਦਿੱਤਾ । ਉਥੇ ਸਫਲਤਾ ਦਾ ਸਿਹਰਾ ਉਨ੍ਹਾਂ ਦੇ ਟਿਊਸ਼ਨ ਟੀਚਰ ਅਨੂ ਪੂੰਨੀ ਅਤੇ ਪ੍ਰੋਫੈਸਰ ਕੇਸ਼ਵ ਜੈਨ ਨੂੰ ਜਾਂਦਾ ਹੈ। ਮੈਡਮ ਅਨੂ ਪੂੰਨੀ ਨੇ ਜਿੱਥੇ ਸਮੇਂ ਸਮੇਂ ਤੇ ਉਸਨੂੰ ਪ੍ਰੇਰਨਾ ਦਿੱਤੀ ਉੱਥੇ ਪ੍ਰੋਫੈਸਰ ਕੇਸ਼ਵ ਜੈਨ ਸਦਾ ਉਸ ਦੇ ਮਾਰਗਦਰਸ਼ਕ ਬਣੇ। ਉਹ ਸਦਾ ਉਸ ਨੂੰ ਸਹੀ ਦਿਸ਼ਾ ਪ੍ਰਦਾਨ ਕਰਨ ਲਈ ਸਹਾਇਕ ਬਣੇ। ਇਸ ਕਰਕੇ ਉਹ ਆਪਣੇ ਇਨ੍ਹਾਂ ਦੋਵਾਂ ਅਧਿਆਪਕਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੀ ਹੈ। ਆਪਣੇ ਸ਼ੌਕ ਬਾਰੇ ਜ਼ਿਕਰ ਕਰਦੀ ਸੋਫੀਆ ਨੇ ਦੱਸਿਆ ਕਿ ਉਸ ਨੂੰ ਪੰਜਾਬੀ ਕਲਚਰ ਨਾਲ ਬਹੁਤ ਪਿਆਰ ਹੈ। ਉਹ ਪੰਜਾਬੀ ਲੋਕ ਨਾਚ ਭੰਗੜੇ ਦੀ ਬਕਾਇਦਾ ਟ੍ਰੇਨਿੰਗ ਲੈ ਰਹੀ ਹੈ। ਚਿੱਤਰਕਾਰੀ ਅਤੇ ਡਰਾਇੰਗ ਵੀ ਉਸ ਦੇ ਸ਼ੌਕ ਦਾ ਹਿੱਸਾ ਹਨ।



# ਪੰਜਾਬ ਸਰਕਾਰ ਨੇ 'ਮੇਰਾ ਘਰ-ਮੇਰੇ ਨਾਮ' ਸਕੀਮ ਸ਼ੁਰੂ ਕਰਕੇ ਲੋਕਾਂ ਦੀ ਚਿਰਾਂ ਤੋਂ ਚੱਲੀ ਆ ਰਹੀ ਮੰਗ ਕੀਤੀ ਪੂਰੀ – ਡਾ. ਇਸ਼ਾਂਕ ਕੁਮਾਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵਲੋਂ ਪਿੰਡਾਂ ਵਿਚ ਲਾਲ ਲਕੀਰ ਅੰਦਰ ਰਹਿੰਦੇ ਵਸਨੀਕਾਂ ਨੂੰ ਉਨ੍ਹਾਂ ਦੇ ਘਰਾਂ ਦੀ ਮਾਲਕੀ ਦੇ ਹੱਕ ਦੇਣ ਲਈ ਸ਼ੁਰੂ ਕੀਤੀ 'ਮੇਰਾ ਘਰ-ਮੇਰੇ ਨਾਮ' ਸਕੀਮ ਤਹਿਤ ਹਲਕਾ ਚੱਬੇਵਾਲ ਤੋਂ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਨੇੜਲੇ ਪਿੰਡ ਗੋਗੜੋਂ ਵਿਖੇ 97 ਪਰਿਵਾਰਾਂ ਨੂੰ ਘਰਾਂ ਦੀ ਮਾਲਕੀ ਦੇ ਕਾਰਡ ਸੌਂਪਦਿਆਂ ਕਿਹਾ ਕਿ ਰਾਜ ਸਰਕਾਰ ਦੀ ਇਸ ਇਤਿਹਾਸਕ ਪਹਿਲਕਦਮੀ ਨਾਲ ਲੋਕਾਂ ਨੂੰ ਬਹੁਤ ਵੱਡਾ ਫਾਇਦਾ ਹੋਇਆ ਹੈ। ਪਰਿਵਾਰਾਂ ਨੂੰ ਮਾਲਕੀ ਦੇ ਹੱਕ ਦੇਣ ਲਈ ਕਾਰਡ ਸੌਂਪਦਿਆਂ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਨੇ ਲਾਲ ਲਕੀਰ ਵਾਸੀਆਂ ਨੂੰ ਉਨ੍ਹਾਂ ਦੇ ਘਰਾਂ ਦੇ ਮਾਲਕੀ ਹੱਕਾਂ ਦੀ ਕਾਨੂੰਨੀ ਮਾਨਤਾ ਪ੍ਰਦਾਨ ਕੀਤੀ ਹੈ ਜਿਸ ਨਾਲ ਉਹ ਜ਼ਿੰਦਗੀ ਵਿਚ ਵੱਖ-ਵੱਖ ਤਰ੍ਹਾਂ ਦੀ ਤਰੱਕੀ ਲਈ ਆਪਣੀ ਜਾਇਦਾਦ ਵਰਤੋਂ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ 'ਮੇਰਾ ਘਰ-ਮੇਰੇ ਨਾਮ' ਸਕੀਮ ਲੋਕਾਂ ਨੂੰ ਨਾ ਸਿਰਫ ਮਾਲਕੀ ਪ੍ਰਦਾਨ ਕਰਦੀ ਹੈ ਸਗੋਂ ਉਨ੍ਹਾਂ ਦੇ ਆਤਮ-ਵਿਸ਼ਵਾਸ਼ ਅਤੇ ਮਨੋਬਲ ਨੂੰ ਵੀ ਮਜ਼ਬੂਤ ਕਰਦੀ ਹੈ। ਉਨ੍ਹਾਂ ਕਿਹਾ ਕਿ ਹੁਣ ਇਹ ਪਰਿਵਾਰ ਆਪਣੀ ਪ੍ਰਾਪਰਟੀ ਵੇਚ-ਖਰੀਦ ਸਕਦੇ ਹਨ ਅਤੇ ਇਨ੍ਹਾਂ ਪ੍ਰਾਪਰਟੀਆਂ ਦੀ ਰਜਿਸਟਰੀ ਦਾ ਰਾਹ ਪੂਰੀ ਤਰ੍ਹਾਂ ਪੱਧਰਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਲਾਲ ਲਕੀਰ ਅੰਦਰ ਰਹਿੰਦੇ ਲੋਕਾਂ ਨੂੰ ਆਪਣੇ ਘਰਾਂ ਆਦਿ ਦੀ ਮਾਲਕੀ ਨੂੰ ਲੈ ਕੇ ਲੰਮੇਂ ਸਮੇਂ ਤੋਂ ਵੱਖ-ਵੱਖ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ ਜਿਸ ਦਾ ਪੰਜਾਬ ਸਰਕਾਰ ਨੇ ਪੱਕਾ ਹੱਲ ਕਰਕੇ ਇਨ੍ਹਾਂ ਵਸਨੀਕਾਂ ਦੀ ਚਿਰਾਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕੀਤਾ ਹੈ।

# ਲੋਕ ਸਭਾ ਦੀਆਂ ਸੀਟਾਂ ਵਧਾਉਣ ਦਾ ਪ੍ਰਸਤਾਵ ਔਰਤ ਸਸ਼ਕਤੀਕਰਨ ਦੇ ਨਾਂਅ ਤੇ ਵੇਚਿਆ ਜਾ ਰਿਹਾ - ਆਗੂ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡੈਮੋਕਰੇਟਿਕ ਲਾਇਰਜ਼ ਐਸੋਸੀਏਸ਼ਨ ਪੰਜਾਬ ਦੇ ਕਨਵੀਨਰ ਦਲਜੀਤ ਸਿੰਘ ਐਡਵੋਕੇਟ ਅਤੇ ਜ਼ਮਹੂਰੀ ਅਧਿਕਾਰ ਸਭਾ ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਸਕੱਤਰ ਜਸਬੀਰ ਦੀਪ ਨੇ ਕਿਹਾ ਹੈ ਕਿ ਦੇਸ਼ ਵਿੱਚ 543 ਲੋਕ ਸਭਾ ਸੀਟਾਂ ਵਧਾ ਕੇ 850 ਕਰਨ ਦਾ ਪ੍ਰਸਤਾਵ ਔਰਤ ਸਸ਼ਕਤੀਕਰਨ ਦੇ ਨਾਂ 'ਤੇ ਵੇਚਿਆ ਜਾ ਰਿਹਾ ਹੈ, ਜਦੋਂ ਕਿ ਅਸਲੀਅਤ ਵਿੱਚ ਇਹ ਜਨਤਾ ਦੀ ਜੇਬ ਕੱਟ ਕੇ ਆਗੂਆਂ ਦੀ ਨਵੀਂ ਕਲੋਨੀ ਵਸਾਉਣ ਦਾ ਪਲਾਨ ਹੈ। ਉਹਨਾਂ ਕਿਹਾ ਕਿ ਹੁਣ 543 ਸੰਸਦ ਮੈਂਬਰ ਹਨ, ਹਰ ਇੱਕ 'ਤੇ ਸਰਕਾਰ ਮਹੀਨੇ ਦਾ ਲਗਭਗ 8 ਤੋਂ 12 ਲੱਖ ਖਰਚ ਕਰਦੀ ਹੈ। ਮਤਲਬ ਇੱਕ ਸੰਸਦ ਮੈਂਬਰ ਸਾਲ ਦਾ ਲਗਭਗ 1 ਕਰੋੜ ਦੇ ਆਸ-ਪਾਸ ਬੈਠਦਾ ਹੈ। ਹੁਣ 300 ਨਵੇਂ ਸੰਸਦ ਮੈਂਬਰ ਜੋੜ ਦਿੱਤੇ ਤਾਂ ਹਰ ਸਾਲ 500 ਤੋਂ 700 ਕਰੋੜ ਰੁਪਏ ਦਾ ਵਾਧੂ ਬੋਝ ਸਿੱਧਾ ਤੁਹਾਡੇ ਟੈਕਸ ਤੋਂ ਜਾਵੇਗਾ। ਇਹ ਤਾਂ ਸਿਰਫ਼ ਤਨਖਾਹ-ਭੱਤੇ ਹਨ, ਜੇਕਰ ਬੰਗਲੇ, ਸੁਰੱਖਿਆ, ਹਵਾਈ ਯਾਤਰਾ, ਮੁਫ਼ਤ ਬਿਜਲੀ 50,000 ਯੂਨਿਟ, ਪਾਣੀ ਲੱਖਾਂ ਲੀਟਰ ਜੋੜ ਦਿੱਤੇ, ਤਾਂ ਸਾਲਾਨਾ ਖਰਚਾ 1500 ਕਰੋੜ ਪਾਰ ਜਾਵੇਗਾ ਸਿਰਫ਼ ਇੱਕ ਸੰਸਦ ਮੈਂਬਰ ਦਾ। ਅਤੇ ਤੁਸੀਂ ਸੋਚ ਰਹੇ ਹੋ ਦੇਸ਼ ਅੱਗੇ ਵੱਧ ਰਿਹਾ ਹੈ। ਭਾਜਪਾ ਨੇ ਔਰਤ ਰਾਖਵੇਂਕਰਨ ਲਈ 2023 ਵਿੱਚ ਕਾਨੂੰਨ ਪਾਸ ਕੀਤਾ, ਢੋਲ ਪਿੱਟਿਆ ਕਿ 33 ਫੀਸਦੀ ਸੀਟਾਂ ਔਰਤਾਂ ਨੂੰ ਦੇਣਗੇ। ਪਰ ਅੰਦਰ ਅਜਿਹਾ ਜਾਲ ਵਿਛਾਇਆ ਕਿ ਪਹਿਲਾਂ ਜਨਗਣਨਾ, ਫਿਰ ਪਰਿਸੀਮਨ, ਹੋਵੇਗਾ ਤਦ ਜਾ ਕੇ ਲਾਗੂ ਕੀਤਾ ਜਾਵੇਗਾ। ਯਾਨੀ ਸਿੱਧਾ-ਸਿੱਧਾ 2029 ਤੱਕ ਠੰਢੇ ਬਸਤੇ ਵਿੱਚ ਪਾ ਦਿੱਤਾ।ਜੇਕਰ ਨੀਅਤ ਸਾਫ਼ ਹੁੰਦੀ ਤਾਂ ਹੁਣੇ 543 ਵਿੱਚੋਂ ਕਰੀਬ 180 ਸੀਟਾਂ ਔਰਤਾਂ ਨੂੰ ਦੇ ਦਿੰਦੇ। ਪਰ ਅਜਿਹਾ ਕਰਦੇ ਹੀ ਅੱਧੇ ਵੱਡੇ-ਵੱਡੇ ਆਗੂਆਂ ਦੀ ਕੁਰਸੀ ਜਾਂਦੀ ਅਤੇ ਪਾਰਟੀ ਵਿੱਚ ਬਗਾਵਤ ਖੜ੍ਹੀ ਹੋ ਜਾਂਦੀ। ਕਿਉਂਕਿ 543 ਸੰਸਦ ਮੈਂਬਰਾਂ ਵਿੱਚ 180 ਔਰਤ ਸੰਸਦ ਮੈਂਬਰਾਂ ਨੂੰ ਅਡਜੱਸਟ ਕਰਦੇ ਤਾਂ ਭਾਜਪਾ ਦੇ ਲਗਭਗ 120 ਮਰਦ ਸੰਸਦ ਮੈਂਬਰ ਘਰੇ ਬੈਠਦੇ। ਤਾਂ ਕੀ ਕੀਤਾ ਸੀਟਾਂ 850 ਕਰ ਦਿਓ ਅਤੇ 280 ਸੀਟਾਂ ਔਰਤਾਂ ਦੇ ਨਾਂ 'ਤੇ ਦੇ ਦਿਓ, ਬਾਕੀ ਵਿੱਚ ਪੁਰਾਣੇ ਆਗੂ ਵੀ ਸੈੱਟ ਹੋ ਜਾਣਗੇ। ਇਹ ਉਹ ਸਰਕਾਰ ਹੈ ਜਿਸਦੇ ਰਾਜ ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੇ ਅੰਕੜੇ ਹਰ ਸਾਲ ਵੱਧ ਰਹੇ ਹਨ, ਪਰ ਭਾਸ਼ਣਾਂ ਵਿੱਚ "ਨਾਰੀ ਸ਼ਕਤੀ" ਦਾ ਜਾਪ ਚੱਲਦਾ ਰਹਿੰਦਾ ਹੈ। ਜਿਨ੍ਹਾਂ ਸੂਬਿਆਂ ਨੇ ਅਬਾਦੀ ਕੰਟਰੋਲ ਕੀਤੀ, ਜਿਵੇਂ ਤਾਮਿਲਨਾਡੂ, ਕੇਰਲ ਅਤੇ ਪੰਜਾਬ ਦੀਆਂ ਸੀਟਾਂ ਘੱਟ ਵਧਣਗੀਆ ਅਤੇ ਜਿੱਥੇ ਅਬਾਦੀ ਬੇਕਾਬੂ ਵਧੀ, ਜਿਵੇਂ ਯੂਪੀ, ਬਿਹਾਰ ਉੱਥੇ ਸੀਟਾਂ ਦੀ ਬਾਰਿਸ਼ ਹੋਵੇਗੀ। ਕੱਲ੍ਹ ਨੂੰ ਸਿਰਫ਼ ਹਿੰਦੀ ਬੈਲਟ ਜਿੱਤ ਕੇ ਕੋਈ ਵੀ ਸਰਕਾਰ ਬਣਾ ਲਵੇਗਾ, ਦੱਖਣ ਦੀ ਆਵਾਜ਼ ਸਾਈਡ ਵਿੱਚ ਪਾ ਦਿੱਤੀ ਜਾਵੇਗੀ। ਜਿਨ੍ਹਾਂ ਸੂਬਿਆਂ ਵਿੱਚ ਵਿਰੋਧੀ ਧਿਰ ਦੀ ਪਕੜ ਹੈ, ਉੱਥੇ ਸੀਟਾਂ ਘੱਟ ਵਧਣਗੀਆਂ। ਜਿੱਥੇ ਭਾਜਪਾ ਮਜ਼ਬੂਤ ਹੈ, ਉੱਥੇ ਸੀਟਾਂ ਜ਼ਿਆਦਾ। ਮਤਲਬ ਚੋਣ ਸ਼ੁਰੂ ਹੋਣ ਤੋਂ ਪਹਿਲਾਂ ਹੀ ਮੈਦਾਨ ਝੁਕਾ ਦਿੱਤਾ ਗਿਆ। ਹੁਣ 543 ਸੰਸਦ ਮੈਂਬਰਾਂ ਵਿੱਚ ਹੀ ਬਹਿਸ ਦਾ ਟਾਈਮ ਨਹੀਂ ਮਿਲਦਾ, 850 ਵਿੱਚ ਕੀ ਹੋਵੇਗਾ? ਸੰਸਦ ਨਹੀਂ, ਮੇਲਾ ਲੱਗੇਗਾ। ਕਾਨੂੰਨ ਅਜਿਹੇ ਪਾਸ ਹੋਣਗੇ ਜਿਵੇਂ ਟਿਕਟ ਕਟਦੇ ਹਨ ਬੱਸ ਸਟੈਂਡ 'ਤੇ। ਉਹਨਾਂ ਮਹਿਲਾ ਰਾਖਵਾਂਕਰਨ ਕਾਨੂਨ 2023 ਲਾਗੂ ਕਰਨ ਦੀ ਮੰਗ ਕੀਤੀ।

# ਕਾਮਰੇਡ ਨਿਰੰਜਣ ਸਿੰਘ ਦੀ ਬਰਸੀ ਮੌਕੇ ਸ਼ਰਧਾਂਜਲੀਆਂ ਭੇਟ ਕੀਤੀਆਂ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਖੱਬੀਆਂ ਪਾਰਟੀਆਂ ਵਲੋਂ ਸਥਾਨਕ ਬੰਗਾ ਰੋਡ ਤੇ ਕਾਮਰੇਡ ਨਿਰੰਜਣ ਸਿੰਘ ਸੁੱਜੋਂ ਦੀ ਅੱਠਵੀਂ ਬਰਸੀ ਮਨਾਈ ਗਈ। ਇਸ ਮੌਕੇ ਕਾਮਰੇਡ ਨਿਰੰਜਣ ਸਿੰਘ ਸੁੱਜੋਂ ਨੂੰ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਨਿਰਮਲ ਸਿੰਘ ਧਾਰੀਵਾਲ, ਕੇਂਦਰੀ ਕਮੇਟੀ ਮੈਂਬਰ ਬੰਤ ਬਰਾੜ, ਦੇਵੀ ਕੁਮਾਰੀ, ਜਸਪਾਲ ਸਿੰਘ ਗਿੱਦਾ,ਆਰ ਐਮ ਪੀ ਆਈ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਮਾਂਗਟ ਰਾਮ ਪਾਸਲਾ, ਸੀ ਪੀ ਆਈ (ਐਮ ਐਲ) ਨਿਊ ਡੈਮੋਕਰੇਸੀ ਦੇ ਆਗੂ ਕਾਮਰੇਡ ਦਲਜੀਤ ਸਿੰਘ ਐਡਵੋਕੇਟ ਅਤੇ ਸੀ ਪੀ ਆਈ (ਐਮ) ਦੇ ਆਗੂ ਮਹਾ ਸਿੰਘ ਰੌੜੀ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਮੌਕੇ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਕਾਮਰੇਡ ਨਿਰੰਜਣ ਸਿੰਘ ਨੇ ਆਪਣਾ ਸਾਰਾ ਜੀਵਨ ਮਜ਼ਦੂਰਾਂ ਕਿਸਾਨਾਂ ਅਤੇ ਦੱਬੇ ਕੁਚਲੇ ਲੋਕਾਂ ਖਾਤਰ ਲਾਇਆ। ਉਹ ਇਰਾਦੇ ਦੇ ਪੱਕੇ ਅਡੋਲ ਕਮਿਊਨਿਸਟ ਆਗੂ ਸਨ। ਵਿਰੋਧੀ ਤਾਕਤਾਂ ਵਲੋਂ ਅਨੇਕਾਂ ਜਬਰ ਦੀਆਂ ਹਨੇਰੀਆਂ ਝੁਲਾਉਣ ਦੇ ਬਾਵਜੂਦ ਉਹ ਨਾ ਹੀ ਦਰੇ ਅਤੇ ਨਾ ਹੀ ਥਿੜਕੇ। ਉਹਨਾਂ ਦੇ ਪਾਏ ਪੂਰਨਿਆਂ ਉੱਤੇ ਚੱਲਕੇ ਲੁਟੇਰੀਆਂ ਜਾਬਰ ਅਤੇ ਫਿਰਕੂ ਹਕੂਮਤਾਂ ਵਿਰੁੱਧ ਲੜਿਆ ਜਾ ਸਕਦਾ ਹੈ ਜੀ ਅੱਜ ਸਮੇਂ ਦੀ ਲੋੜ ਵੀ ਹੈ। ਆਗੂਆਂ ਨੇ ਖੱਬੀਆਂ ਧਿਰਾਂ ਦੀ ਏਕਤਾ ਦੀ ਲੋੜ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਜਿਸ ਤਰ੍ਹਾਂ ਹਿੰਦੂਤਵੀ ਫਾਸ਼ੀਵਾਦੀ ਹਕੂਮਤ ਵੱਲੋਂ ਆਪਣੇ ਫਾਸ਼ੀਵਾਦੀ ਏਜੰਡੇ ਨੂੰ ਲਾਗੂ ਕਰਦਿਆਂ ਜ਼ਮਹੂਰੀ ਅਤੇ ਸੰਵਿਧਾਨਕ ਕਦਰਾਂ ਕੀਮਤਾਂ ਨੂੰ ਪੈਰਾਂ ਹੇਠ ਰੋਲਣ ਦੇ ਯਤਨ ਕੀਤੇ ਜਾ ਰਹੇ ਹਨ, ਉਸਦਾ ਮੁਕਾਬਲਾ ਕਰਨ ਲਈ ਵਿਸ਼ਾਲ ਸਾਂਝੇ ਏਕੇ ਦੀ ਅਣਸਰਦੀ ਲੋੜ ਹੈ। ਜਾਬਰ, ਬੇਰਹਿਮ ਅਤੇ ਲਾਲਚੀ ਹਾਕਮਾਂ ਵੱਲੋਂ ਨੋਇਡਾ, ਦਿੱਲੀ, ਹਰਿਆਣਾ ਅਤੇ ਹੋਰ ਰਾਜਾਂ ਵਿੱਚ ਕਾਰਪੋਰੇਟਰਾਂ ਦਾ ਪੱਖ ਪੂਰਦਿਆਂ ਸੰਘਰਸ਼ਸ਼ੀਲ ਮਜ਼ਦੂਰਾਂ ਉੱਤੇ ਜਬਰ ਢਾਹਿਆ ਜਾ ਰਿਹਾ ਹੈ। ਜਿਸ ਵਿਰੁੱਧ ਆਵਾਜ਼ ਬੁਲੰਦ ਕਰਨ ਦੀ ਲੋੜ ਹੈ। ਉਹਨਾਂ ਕਿਹਾ ਕਿ ਸੰਸਦ ਦੀਆਂ ਸੀਟਾਂ ਵਧਾਉਣ ਲਈ ਲਿਆਂਦੇ ਬਿੱਲ ਨੂੰ ਜਿਸ ਤਰ੍ਹਾਂ ਸੰਸਦ ਵਿੱਚ ਹਾਰ ਦਾ ਮੂੰਹ ਦੇਖਣਾ ਪਿਆ ਹੈ, ਉਸਤੋਂ ਮੋਦੀ ਸਰਕਾਰ ਤਿਲਮਿਲਾ ਉੱਠੀ ਹੈ ਅਤੇ ਕੂੜ ਪ੍ਰਚਾਰ ਕਰ ਰਹੀ ਹੈ। ਉਹਨਾਂ ਕਿਹਾ ਕਿ ਇਰਾਨ ਉੱਤੇ ਅਮਰੀਕਾ ਅਤੇ ਇਜ਼ਰਾਈਲ ਦੇ ਹਮਲਿਆਂ ਨੇ ਸਾਮਰਾਜੀਆਂ ਦਾ ਅਸਲੀ ਚਿਹਰਾ ਇੱਕ ਵਾਰ ਫਿਰ ਸਾਹਮਣੇ ਲਿਆਂਦਾ ਹੈ। ਇਰਾਨ ਵੱਲੋਂ ਦਿੱਤੇ ਗਏ ਠੋਕਵੇ ਜਵਾਬ ਨੇ ਅਮਰੀਕਾ ਦੇ ਸੁਪਰ ਪਾਵਰ ਹੋਣ ਦੇ ਸਾਰੇ ਭਰਮ ਤੋੜ ਦਿੱਤੇ ਹਨ। ਇਸ ਵਿੱਚ ਮੋਦੀ ਸਰਕਾਰ ਵਲੋਂ ਨਿਭਾਈ ਗਈ ਭੂਮਿਕਾ ਨੇ ਦੁਨੀਆਂ ਭਰ ਵਿੱਚ ਭਾਰਤ ਦੀ ਬਦਨਾਮੀ ਕੀਤੀ ਹੈ।ਇਸ ਮੌਕੇ ਇਨਕਲਾਬੀ ਕਵੀਸ਼ਰੀ ਜਥਾ ਰਸੂਲਪੁਰ ਨੇ ਇਨਕਲਾਬੀ ਕਵੀਸ਼ਰੀਆਂ ਪੇਸ਼ ਕੀਤੀਆਂ। ਕੁਲਦੀਪ ਸਿੰਘ ਸੁੱਜੋਂ ਨੇ ਸਾਰੀਆਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਆਰ ਐਮ ਪੀ ਆਈ ਦੇ ਜਿਲਾ ਆਗੂ ਕੁਲਦੀਪ ਸਿੰਘ ਦੌੜਕਾ ਨੇ ਕੀਤਾ।

# ਜ਼ਿਲ੍ਹੇ 'ਚ ਹਥਿਆਰਾਂ ਦੇ ਜਨਤਕ ਅਤੇ ਸੋਸ਼ਲ ਮੀਡੀਆ 'ਤੇ ਪ੍ਰਦਰਸ਼ਨ 'ਤੇ ਪਾਬੰਦੀ

## ਪੈਟਰੋਲ ਪੰਪਾਂ ਅਤੇ ਬੈਂਕਾਂ 'ਚ ਸੀ.ਸੀ.ਟੀ.ਵੀ. ਕੈਮਰੇ ਲਾਉਣ ਦੇ ਹੁਕਮ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਮੈਜਿਸਟਰੇਟ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਤਹਿਤ ਹੁਕਮ ਜਾਰੀ ਕਰਦਿਆਂ ਜ਼ਿਲ੍ਹੇ 'ਚ ਕਿਸੇ ਵੀ ਤਰ੍ਹਾਂ ਦੇ ਮੈਰਿਜ ਪੈਲੇਸ/ਰਿਜ਼ੋਰਟ, ਮੇਲੇ, ਧਾਰਮਿਕ ਸਥਾਨਾਂ, ਜਲੂਸ, ਬਰਾਤ, ਵਿਆਹ ਪਾਰਟੀਆਂ ਜਾਂ ਹੋਰ ਸਮਾਗਮਾਂ/ਜਨਤਕ ਇਕੱਠਾਂ ਅਤੇ ਵਿੱਦਿਅਕ ਅਦਾਰਿਆਂ 'ਚ ਅਸਲਾ/ਹਥਿਆਰ ਲਿਜਾਣ ਅਤੇ ਪ੍ਰਦਰਸ਼ਨ ਕਰਨ 'ਤੇ ਪੂਰਨ ਪਾਬੰਦੀ ਲਾਈ ਹੈ। ਇਸ ਤੋਂ ਇਲਾਵਾ ਹਥਿਆਰਾਂ ਦੇ ਜਨਤਕ ਅਤੇ ਸੋਸ਼ਲ ਮੀਡੀਆ 'ਤੇ ਪ੍ਰਦਰਸ਼ਨ 'ਤੇ ਵੀ ਉਕਤ ਪਾਬੰਦੀ ਲਾਗੂ ਰਹੇਗੀ। ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਹਥਿਆਰਾਂ ਜਾਂ ਹਿੰਸਾ ਨੂੰ ਹੁਲਾਰਾ ਦੇਣ ਵਾਲੇ ਗੀਤ ਵੀ ਇਸ ਪਾਬੰਦੀ/ਮਨਾਹੀ ਦੇ ਘੇਰੇ 'ਚ ਸ਼ਾਮਿਲ ਹਨ। ਇੱਕ ਹੋਰ ਹੁਕਮ ਰਾਹੀਂ ਜ਼ਿਲ੍ਹਾ ਮੈਜਿਸਟ੍ਰੇਟ ਗੁਲਪ੍ਰੀਤ ਸਿੰਘ ਔਲਖ ਨੇ ਜ਼ਿਲ੍ਹੇ ਵਿਚ ਅਮਨ-ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਵਾਸਤੇ ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ, ਜਨਤਕ ਥਾਂਵਾਂ ਤੇ ਕਿਸੇ ਵਿਅਕਤੀ ਵਲੋਂ ਨਾਅਰੇ ਲਾਉਣ/ਭੜਕਾਊ ਭਾਸ਼ਣ ਦੇਣ, ਜਨਤਕ ਥਾਵਾਂ 'ਤੇ ਬਿਨਾਂ ਪ੍ਰਵਾਨਗੀ ਜਲੂਸ ਕੱਢਣ/ਮੀਟਿੰਗ ਕਰਨ/ਰੈਲੀ ਕਰਨ 'ਤੇ ਪਾਬੰਦੀ ਲਾਈ ਹੈ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਹਾਲਤਾਂ ਵਿਚ ਉੱਪ ਮੰਡਲ ਮੈਜਿਸਟ੍ਰੇਟ ਪਾਸੋਂ ਅਗਾਊਂ ਪ੍ਰਵਾਨਗੀ ਲੈ ਕੇ ਜਨਤਕ ਮੀਟਿੰਗਾਂ, ਜਲੂਸ ਜਾਂ ਰੈਲੀ ਕੀਤੀ ਜਾ ਸਕਦੀ ਹੈ। ਇਹ ਹੁਕਮ ਪੁਲਿਸ/ ਆਰਮੀ ਵਰਦੀ ਵਿੱਚ ਮਿਲਟਰੀ ਅਮਲਾ, ਡਿਊਟੀ 'ਤੇ ਤਾਇਨਾਤ ਕੋਈ ਹੋਰ ਸਰਕਾਰੀ ਕਰਮਚਾਰੀ ਅਤੇ ਵਿਆਹ/ਸ਼ਾਦੀ/ਸ਼ੋਕਮਈ ਇਕੱਠ/ਧਾਰਮਿਕ ਅਸਥਾਨਾਂ/ਸੰਸਥਾਵਾਂ ਦੇ ਅੰਦਰ-ਪ੍ਰਮਾਤਮਾ/ ਅਕਾਲ ਪੁਰਖ ਦੀ ਉਸਤਿਤ ਸ਼ਬਦ ਕੀਰਤਨ ਕਰਨ 'ਤੇ ਲਾਗੂ ਨਹੀਂ ਹੋਵੇਗਾ। ਇਸ ਤਰ੍ਹਾਂ ਜ਼ਿਲ੍ਹੇ ਵਿੱਚ ਪੈਂਦੀਆਂ ਬੈਂਕਾਂ ਦੇ ਮੈਨੇਜਰਾਂ ਅਤੇ ਪੈਟਰੋਲ ਪੰਪਾਂ ਦੇ ਮਾਲਕਾਂ ਨੂੰ ਆਪਣੇ-ਆਪਣੇ ਪੈਟਰੋਲ ਪੰਪਾਂ ਅਤੇ ਬੈਂਕਾਂ ਵਿੱਚ ਸੀ.ਸੀ.ਟੀ.ਵੀ ਕੈਮਰੇ ਲਗਾਉਣ ਦਾ ਹੁਕਮ ਜਾਰੀ ਕੀਤਾ ਹੈ, ਜਿਨ੍ਹਾਂ ਵਿੱਚ ਘੱਟ ਤੋਂ ਘੱਟ 07 ਦਿਨਾਂ ਦੀ ਰਿਕਾਰਡਿੰਗ ਸਮਰੱਥਾ ਹੋਵੇ। ਜਾਰੀ ਹੁਕਮ ਵਿੱਚ ਜ਼ਿਲਾ ਮੈਜਿਸਟ੍ਰੇਟ ਨੇ ਕਿਹਾ ਹੈ ਕਿ ਉਨਾਂ ਦੇ ਧਿਆਨ ਵਿਚ ਆਇਆ ਹੈ ਕਿ ਪੈਟਰੋਲ ਪੰਪ ਅਤੇ ਬੈਂਕਾਂ ਵਿੱਚ ਡਕੈਤੀ/ਚੋਰੀ ਦੀਆਂ ਵਾਰਦਾਤਾਂ ਸਮੇਂ-ਸਮੇਂ ਤੇ ਹੋ ਰਹੀਆਂ ਹਨ। ਇੰਨ੍ਹਾਂ ਡਕੈਤੀਆਂ ਦੌਰਾਨ ਲੁਟੇਰੇ, ਹਥਿਆਰਾਂ ਸਮੇਤ ਜਾਂਦੇ ਹਨ ਅਤੇ ਜ਼ਬਰਨ ਦਾਖਲ ਹੋ ਕੇ ਲੁੱਟ-ਮਾਰ ਕਰਦੇ ਹਨ।

# ਵਾਲਮੀਕ ਟਾਈਗਰ ਫੋਰਸ ਫ਼ਰੀਦਕੋਟ ਵੱਲੋ ਭਾਰਤ ਰਤਨ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ 135ਵੀਂ ਜੈਯੰਤੀ ਧੂਮਧਾਮ ਨਾਲ ਮਨਾਈ ਗਈ







**ਫ਼ਰੀਦਕੋਟ (ਸ਼ਿਵਨਾਥ)** ਅੱਜ ਵਾਲਮੀਕ ਟਾਈਗਰ ਫੋਰਸ ਫ਼ਰੀਦਕੋਟ ਵੱਲੋ ਭਾਰਤ ਰਤਨ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ 135ਵੀ ਜੈਯੰਤੀ ਦਾ ਇੱਕ ਵਿਲੱਖਣ ਖ਼ੂਬਸੂਰਤ ਸਮਾਗਮ ਵਾਲਮੀਕ ਕਲੋਨੀ ਫ਼ਰੀਦਕੋਟ ਵਿਖੇ ਕਰਵਾਇਆ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਹਲਕਾ ਵਿਧਾਇਕ ਸ੍ਰ ਗੁਰਦਿੱਤ ਸਿੰਘ ਸੇਖੋਂ ਜੀ ਸਨ। ਓਨਾਂ ਆਪਣੇ ਭਾਸ਼ਣ ਦੌਰਾਨ ਸਮੁੱਚੇ ਭਾਈਚਾਰੇ ਨੂੰ ਵਧਾਈ ਦਿੱਤੀ ਤੇ ਪੜ੍ਹਾਈ ਕਰ ਓਨਾਂ ਦੇ ਦਿਖਾਏ ਰਾਹ ਤੇ ਚੱਲ ਕੇ ਡਾਕਟਰ, ਜੱਜ ਦੀ ਕੁਰਸੀ ਹਾਸਿਲ ਕਰਨ ਲਈ ਕਿਹਾ। ਇਸ ਵਿੱਚ ਵਿਸੇਸ਼ ਮਹਿਮਾਨ ਦੀ ਭੂਮਿਕਾ ਸ੍ਰੀ ਬੰਸੀ ਲਾਲ ਏ.ਐਸ.ਆਈ ਪੰਜਾਬ ਪੁਲਿਸ ਤੇ ਸਮਾਗਮ ਦੀ ਪ੍ਰਧਾਨਗੀ ਸ੍ਰੀ ਕੁਮਾਰ ਅਭਿਸੇਕ ਰਾੜਾਂ ਨੇ ਨਿਭਾਈ। ਇਸ ਸਮਾਗਮ ਵਿਚ ਵਿਸ਼ੇਸ਼ ਤੌਰ ਤੇ ਡਾਂ ਗੁਗਲਾਨੀ ਮੱਖੂ ਜੀ ਪਹੁੰਚੇ, ਓਨਾਂ ਦੀ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਬਾਰੇ ਬੇਹਤਰੀਣ ਜਾਣਕਾਰੀ ਨੇ ਲੋਕਾਂ ਨੂੰ ਨਿਹਾਲ ਕਰ ਦਿੱਤਾ । ਇਹ ਸਮਾਗਮ ਵਿਚ ਪ੍ਰਤਿਭਾਸ਼ਾਲੀ ਬੱਚਿਆਂ ਨੇ ਵੀ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਬਾਰੇ ਖੁੱਲ੍ਹ ਕੇ ਚਾਨਣਾ ਪਾਇਆ। ਜਿੰਨਾ ਵਿਚ



ਜ਼ਿਲਾ ਪ੍ਰਧਾਨ ਦੇ ਛੋਟੀ ਉਮਰ ਦੇ ਬੇਟੇ 'ਦੀਪਾਸੂ ਉਜੀਨਵਾਲ' ਇੱਕ ਖਿੱਚ ਦਾ ਕੇਂਦਰ ਬਿੰਦੂ ਬਣਿਆ। ਉਸ ਤੋ ਇਲਾਵਾ ਮੋਨੂੰ ਪਹਿਲ , ਵਾਣੀ ਕਾਂਗੜਾ, ਅੰਕਿਤਾ ਕਾਂਗੜਾ ਤੇ ਅਨੁਸਕਾ ਕਾਂਗੜਾ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਇਸ ਸਮਾਗਮ ਦੌਰਾਨ ਵਿੱਕੀ ਦਾਨਵ ਤੇ ਵਿੱਕੀ ਭੀਲ ਭਜਨ ਪਾਰਟੀ ਵੱਲੋ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਜੀਵਨ ਤੇ ਓਨਾ ਦੀਆ ਸਿੱਖਿਆਵਾਂ ਤੇ ਖ਼ੂਬਸੂਰਤ ਗੀਤਾਂ ਰਾਹੀ ਸਾਂਝ ਪਾਈ।ਇਸ ਸਮੇ ਵਾਲਮੀਕ ਟਾਈਗਰ ਫੋਰਸ ਵੱਲੋ ਬੱਚਿਆ ਤੇ ਆਏ ਮਹਿਮਾਨਾਂ ਦਾ ਸਨਮਾਨ ਚਿੰਨ੍ਹ ਦੇ ਸਨਮਾਨ ਕੀਤਾ ਗਿਆ। ਇਸ ਸਮਾਗਮ ਦੇ ਮੰਚ ਸੰਚਾਲਕ ਦੀ ਭੂਮਿਕਾ ਜਗਜੀਵਨ ਸਿੰਘ ਜੀ ਬਾਖ਼ੂਬੀ ਨਿਭਾਈ ਗਈ। ਆਖਿਰ ਵਿਚ ਵਾਲਮੀਕ ਟਾਈਗਰ ਫੋਰਸ ਦੇ ਜ਼ਿਲਾ ਪ੍ਰਧਾਨ ਵਿੱਕੀ ਉਜੀਨਵਾਲ ਵੱਲੋ ਸਭ ਦਾ ਧੰਨਵਾਦ ਕੀਤਾ।

ਇਸ ਸਮੇ ਮੋਹਿਤ ਕਾਂਗੜਾ ,ਕਮਲ ਰਜੋਰੀਆ,ਅਵਿਨਾਸ਼ ਡਿਕਾਓ, ਅਜੇ ਬੋਹਤ, ਵੀਰੂ ਚਾਵਰੀਆ, ਰੋਹਿਤ ਮੈਦਾਨ,ਪ੍ਰਿੰਸ ਉਜੀਨਵਾਲ, ਵਿਸ਼ਾਲ ਜੀ.ਕੇ , ਰੋਹਿਤ ਸਾਰਵਾਨ, ਗੁਰੀ ਸੰਧੂ ,ਅਰਜੁਨ ਤਮੋਲੀ, ਰਮਨਦੀਪ ਸਿੰਘ ਰੋਮਾਣਾ, ਟਿੰਕੂ ਬਹੋਤ, ਨਿਤਿਨ ਗੋਹਰ ,ਰਾਜੂ ਉਜੀਨਵਾਲ ,ਰਤਨ ਲਾਲ ਬੋਹਤ,ਰਮੇਸ਼ ਚਾਵਰੀਆ ,ਰਵੀ ਕਾਂਗੜਾ, ਸੰਜੇ ਡਿਕਾਊ, ਪਵਨ ਕੁਮਾਰ, ਬਿੰਦਰ ਕੁਮਾਰ , ਪ੍ਰਦੀਪ ਕਾਂਗੜਾ ਸੰਜੇ ਉਜੀਨਵਾਲ , ਰਵੀ ਸਟੂਡੀਓ ਪ੍ਰਧਾਨ ਫੋਟੋਗ੍ਰਾਫਰ ਯੂਨੀਅਨ ਫ਼ਰੀਦਕੋਟ, ਗੁਰਮੀਤ ਸਿੰਘ ਲੈਕਚਰਾਰ, ਪ੍ਰਸਿੱਧ ਸਮਾਜਸੇਵੀ ਰਜਿੰਦਰ ਦਾਸ ਰਿੰਕੂ , ਅਮਨਦੀਪ ਪਾਂਧੀ , ਓਮ ਪ੍ਰਕਾਸ਼ ਬੋਹਤ, ਅਸੋਕ ਐਮ.ਸੀ, ਸੰਕਰ, ਮਨਜੀਤ ਖਿੱਚੀ ਪ੍ਰਧਾਨ ਸ੍ਰੀ ਗੁਰੂ ਰਵੀਦਾਸ ਸੁਸਾਇਟੀ ਫ਼ਰੀਦਕੋਟ , ਅਮਨਦੀਪ ਸਿੰਘ ਸੀਨੀਅਰ ਸਹਾਇਕ ਆਦਿ ਹਾਜ਼ਰ ਹੋਏ ।

# ਸ਼੍ਰੀ ਨਿਰਮਲ ਸਿੰਘ ਰਿਆਤ ਨੂੰ ਦਿ ਟ੍ਰਿਬਿਊਨ ਪੰਜਾਬ ਅਚੀਵਰਜ਼ ਅਵਾਰਡ 2026 ਨਾਲ ਸਨਮਾਨਿਤ ਕੀਤਾ ਗਿਆ

**ਨਵਾਂਸ਼ਹਿਰ /ਕਾਠਗੜ੍ਹ 19 ਅਪ੍ਰੈਲ ( ਜਤਿੰਦਰ ਪਾਲ ਸਿੰਘ ਕਲੇਰ )** ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ, ਪੰਜਾਬ ਦੇ ਚਾਂਸਲਰ ਸ਼੍ਰੀ ਨਿਰਮਲ ਸਿੰਘ ਰਿਆਤ ਨੂੰ ਪੰਜਾਬ ਦੇ ਨਾਲ-ਨਾਲ ਪੂਰੇ ਦੇਸ਼ ਵਿੱਚ ਤਕਨੀਕੀ ਅਤੇ ਹੁਨਰ-ਅਧਾਰਤ ਸਿੱਖਿਆ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਵੱਕਾਰੀ ਦਿ ਟ੍ਰਿਬਿਊਨ ਪੰਜਾਬ ਅਚੀਵਰਜ਼ ਅਵਾਰਡ 2026 ਨਾਲ ਸਨਮਾਨਿਤ ਕੀਤਾ ਗਿਆ ਹੈ।

ਇਹ ਪੁਰਸਕਾਰ ਸਮਾਰੋਹ ਦਿ ਟ੍ਰਿਬਿਊਨ ਟਰੱਸਟ ਦੁਆਰਾ ਬਠਿੰਡਾ ਵਿਖੇ ਆਯੋਜਿਤ ਕੀਤਾ ਗਿਆ ਸੀ, ਜਿਸ ਵਿੱਚ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿੱਚ ਉੱਤਮਤਾ ਦਾ ਜਸ਼ਨ ਮਨਾਇਆ ਗਿਆ ਸੀ।

ਇਹ ਪੁਰਸਕਾਰ ਪੰਜਾਬ ਦੇ ਵਿੱਤ ਮੰਤਰੀ ਸ. ਹਰਪਾਲ ਸਿੰਘ ਚੀਮਾ ਨੇ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਮੌਜੂਦਗੀ ਵਿੱਚ ਦਿੱਤਾ ਗਿਆ । ਕੈਬਨਿਟ ਮੰਤਰੀ ਅਮਨ ਅਰੋੜਾ ਨੇ ਦੇਸ਼ ਦੇ ਨੌਜਵਾਨਾਂ ਨੂੰ ਹੁਨਰ ਅਤੇ ਤਕਨੀਕੀ ਸਿੱਖਿਆ ਪ੍ਰਦਾਨ ਕਰਕੇ ਪੰਜਾਬ ਦੇ ਵਿਕਾਸ ਵਿੱਚ ਯੂਨੀਵਰਸਿਟੀ ਦੇ ਯੋਗਦਾਨ ਦੀ ਵੀ ਸ਼ਲਾਘਾ ਕੀਤੀ ਅਤੇ ਇਸ ਮੌਕੇ 'ਤੇ ਵਧਾਈ ਦਿੱਤੀ।



ਚਾਂਸਲਰ ਦੀ ਤਰਫੋਂ, ਇਹ ਪੁਰਸਕਾਰ ਸ਼੍ਰੀ ਵਿਮਲ ਰਾਏ ਮਨਹੋਤਰਾ, ਮੁੱਖ ਕਾਰਜਕਾਰੀ ਅਧਿਕਾਰੀ ਅਤੇ ਸ਼੍ਰੀ ਨਰਿੰਦਰ ਭੂੰਬਲਾ, ਸਹਾਇਕ ਪ੍ਰੋਫੈਸਰ ਕਮ ਪੀਆਰਓ, ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਨੇ ਪ੍ਰਾਪਤ ਕੀਤਾ।

ਸ਼੍ਰੀ. ਨਿਰਮਲ ਸਿੰਘ ਰਿਆਤ ਨੂੰ ਉਨ੍ਹਾਂ ਦੀ ਦੂਰਦਰਸ਼ੀ ਅਗਵਾਈ ਅਤੇ ਤਕਨੀਕੀ ਅਤੇ ਹੁਨਰ-ਅਧਾਰਤ ਸਿੱਖਿਆ ਨੂੰ ਅੱਗੇ ਵਧਾਉਣ ਪ੍ਰਤੀ ਵਚਨਬੱਧਤਾ ਲਈ ਵਿਆਪਕ ਤੌਰ 'ਤੇ ਮਾਨਤਾ ਪ੍ਰਾਪਤ ਹੈ। ਉਨ੍ਹਾਂ ਦੀ ਅਗਵਾਈ ਹੇਠ, ਯੂਨੀਵਰਸਿਟੀ ਉਦਯੋਗ-ਅਧਾਰਤ ਸਿੱਖਿਆ ਅਤੇ ਨੌਜਵਾਨਾਂ ਵਿੱਚ ਰੁਜ਼ਗਾਰਯੋਗਤਾ ਵਧਾਉਣ 'ਤੇ ਕੇਂਦ੍ਰਿਤ ਇੱਕ ਮੋਹਰੀ ਸੰਸਥਾ ਵਜੋਂ ਉਭਰੀ ਹੈ। ਇਹ ਮਾਨਤਾ ਭਵਿੱਖ ਦੇ ਕਾਰਜਬਲ ਨੂੰ ਆਕਾਰ ਦੇਣ ਅਤੇ ਖੇਤਰੀ ਆਰਥਿਕ ਵਿਕਾਸ ਵਿੱਚ ਯੋਗਦਾਨ ਪਾਉਣ ਵਿੱਚ ਹੁਨਰ-ਅਧਾਰਤ ਸਿੱਖਿਆ ਦੇ ਵਧ ਰਹੇ ਮਹੱਤਵ ਨੂੰ ਉਜਾਗਰ ਕਰਦੀ ਹੈ।ਇਸ ਐਵਾਰਡ ਦੀ ਪ੍ਰਾਪਤੀ ਨਾਲ ਪੂਰੇ ਲੈਮਰਿਨ ਟੈਕ ਸਕਿਲਜ਼ ਯੂਨੀਵਰਸਿਟੀ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

for more news visit:
www.samajweekly.com

# ਵੀਨਾ ਕੁਮਾਰੀ ਨੂੰ ਚੇਅਰਪਰਸਨ ਤੇ ਜਸਪਾਲ ਕੌਰ ਨੇ ਵਾਇਸ ਚੇਅਰਪਰਸਨ ਦਾ ਆਹੁਦਾ ਸੰਭਾਲਿਆ

**ਫਿਲੌਰ ਅੱਪਰਾ, 19 ਅਪ੍ਰੈਲ (ਦੀਪਾ)**:-ਬੀਤੇ ਦਿਨੀ ਬਲਾਕ ਵਿਕਾਸ ਅਤੇ ਪੰਚਾਇਤ ਦਫਤਰ ਰੁੜਕਾ ਕਲਾਂ ਵਿਖੇ ਚੇਅਰਪਰਸਨ ਦੀ ਚੋਣ ਹੋਈ ਸੀ, ਜਿਸ ਵਿੱਚ ਆਪ ਪਾਰਟੀ ਦੇ ਬਲਾਕ ਸੰਮਤੀ ਮੈਂਬਰ ਸ਼੍ਰੀਮਤੀ ਵੀਨਾ ਕੁਮਾਰੀ ਨੂੰ ਚੇਅਰਪਰਸਨ ਚੁਣਿਆ ਗਿਆ ਸੀ, ਜਿਨ੍ਹਾਂ ਬੀ.ਡੀ.ਪੀ.ਓ ਦਫਤਰ ਰੁੜਕਾ ਕਲਾਂ ਵਿਖੇ ਬਤੌਰ ਚੇਅਰਪਰਸਨ ਆਪਣਾ ਚਾਰਜ਼ ਸੰਭਾਲਿਆ, ਚਾਰਜ਼ ਸੰਭਾਲਣ ਮੌਕੇ ਹਲਕਾ ਫਿਲੌਰ ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ਼ ਪ੍ਰਿੰਸੀਪਲ ਪ੍ਰੇਮ ਕੁਮਾਰ, ਪਾਰਟੀ ਦੇ ਹਲਕਾ ਫਿਲੌਰ ਤੋ ਸੰਗਠਨ ਇੰਚਾਰਜ਼ ਸੰਜੇ ਅਟਵਾਲ ਤੋਂ ਇਲਾਵਾਂ ਪਾਰਟੀ ਦੇ ਹੋਰ ਕਈ ਆਗੂ ਵੀ ਮੌਜੂਦ ਸਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਦੌਰਾਨ ਬਲਾਕ ਰੁੜਕਾ ਕਲਾਂ ਅਧੀਨ ਆਉਦੇਂ ਪਿੰਡਾਂ ਅੰਦਰ ਵਿਕਾਸ ਕਾਰਜ਼ਾ ਲਈ ਪਿੰਡਾਂ ਦੇ ਸਰਪੰਚਾਂ ਅਤੇ ਪੰਚਾਂ ਨਾਲ ਰਾਬਤਾ ਕਾਇਮ ਕੀਤਾ ਜਾਵੇਗਾ। ਉਨ੍ਹਾ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਦਾ ਉਨ੍ਹਾਂ ਨੂੰ ਇਹ ਜੁੰਮੇਵਾਰੀ ਸੌਂਪਣ ਤੇ



ਧੰਨਵਾਦ ਵੀ ਕੀਤਾ। ਇਸ ਮੌਕੇ ਬੀ ਡੀ ਪੀ ਓ ਰਾਮ ਪਾਲ ਰਾਣਾ, ਹਰਮੇਸ਼ ਲਾਲ ਪ੍ਰਧਾਨ ਨਗਰ ਕੌਂਸਲ ਗੁਰਾਇਆ, ਬਲਾਕ ਪ੍ਰਧਾਨ ਸ਼ੁਦੇਸ਼ ਕੁਮਾਰ ਬਿੱਲਾ, ਅਵਤਾਰ ਸਿੰਘ ਬਾਸੀ, ਮਨਦੀਪ ਸਿੰਘ, ਬਲਾਕ ਸੰਮਤੀ ਮੈਂਬਰ ਸੋਡੀ ਰਾਮ, ਗੁਰਵਿੰਦਰ ਸਿੰਘ ਭੀਮਾ, ਸੰਤੋਖ ਸਿੰਘ, ਅਜੀਤ ਪਾਲ ਸਰਪੰਚ, ਸਰਪੰਚ ਸੀਮਤ ਲਾਡੀ ਬਸਰਾ, ਚੇਅਰਪਰਸਨ ਸ਼੍ਰੀਮਤੀ ਵੀਨਾ ਕੁਮਰੀ ਪਿੰਡ ਵਿਰਕ , ਵਾਇਸ ਚੇਅਰਪਰਸਨ ਸ਼੍ਰੀਮਤੀ ਜਸਪਾਲ ਕੌਰ ਪਾਸਲਾ, ਬਲਾਕ ਸੰਮਤੀ ਮੈਂਬਰ ਸ਼੍ਰੀਮਤੀ ਗੁਰਪ੍ਰੀਤ ਕੌਰ ਦੁਸਾਂਝ ਕਲਾਂ, ਬਲਾਕ ਸੰਮਤੀ ਮੈਂਬਰ ਸ਼੍ਰੀਮਤੀ ਰਿੰਕੀ ਰਾਣੀ ਰੁੜਕਾ ਕਲਾਂ, ਬਲਾਕ ਸੰਮਤੀ ਮੈਂਬਰ ਅਮਨਦੀਪ ਕੌਰ ਢੀਂਡਸਾ, ਬਲਾਕ ਸੰਮਤੀ ਮੈਂਬਰ ਸ਼੍ਰੀਮਤੀ ਮਹਿੰਦਰ ਕੌਰ ਅਨੀਹਰ, ਜੌਹਲ ਬਲਾਕ ਸੰਮਤੀ ਮੈਂਬਰ ਜਸਵਿੰਦਰ ਸਿੰਘ, ਮਾਹਲ ਬਲਾਕ ਸੰਮਤੀ ਮੈਂਬਰ ਜਸਪ੍ਰੀਤ ਸਿੰਘ, ਲਾਗੜੀਆ ਬਲਾਕ ਸੰਮਤੀ ਮੈਂਬਰ ਜਸਪਾਲ ਮਹਿਮੀ, ਘੁੜਕਾ ਬਲਾਕ ਸੰਮਤੀ ਮੈਂਬਰ ਸੋਢੀ, ਮੁਠੱਡਾ ਬਲਾਕ ਸੰਮਤੀ ਮੈਂਬਰ ਕਮਲਜੀਤ, ਢੇਸੀਆਂ ਕਾਹਨਾਂ ਬਲਾਕ ਸੰਮਤੀ ਮੈਂਬਰ ਬਲਜਿੰਦਰ ਕੁਮਾਰ, ਬੰਡਾਲਾ ਬਲਾਕ ਸੰਮਤੀ ਮੈਂਬਰ ਨਵਪ੍ਰੀਤ ਸਿੰਘ, ਚਚਰਾੜੀ ਬਲਾਕ ਸੰਮਤੀ ਮੈਂਬਰ ਅਨੂਪ ਬੰਗੜ, ਸਰਪੰਚ ਨਿਰਮਲ ਕੁਮਾਰ ਨਵੀਂ, ਦਲਜਿੰਦਰ ਸਿੰਘ ਜੁਗਨੂੰ, ਲਵਲੀ ਦੁਸਾਂਝ, ਸੁਰਿੰਦਰਪਾਲ ਕੁੱਕੂ,
ਪ੍ਰੀਤਪਾਲ ਸਿੰਘ, ਕੀਰਤਾ ਰਾਮ ਢੀਡਸਾ ਤੋਂ ਇਲਾਵਾਂ ਇਲਾਕੇ ਭਰ ਤੋਂ ਪਤਵੰਤੇ ਸੱਜਣ ਭਾਰੀ ਗਿਣਤੀ ਵਿੱਚ ਆਦਿ ਹਾਜ਼ਰ ਸਨ।

# ਚੱਕ ਸਾਹਬੂ ਵਿਖ਼ੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ 135ਵਾਂ ਜਨਮਦਿਨ ਮਨਾਇਆ

## ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 650 ਸਾਲਾ ਗੁਰਪੁਰਬ ਨੂੰ ਮੁੱਖ ਰੱਖਦਿਆਂ ਮਾਤਾ ਕਲਸਾਂ ਅਵਾਰਡ ਕੀਤਾ ਸ਼ੁਰੂ

**ਫਿਲੌਰ/ਅੱਪਰਾ-19 ਅਪ੍ਰੈਲ-(ਦੀਪਾ):-** ਨਜ਼ਦੀਕੀ ਪਿੰਡ ਚੱਕ ਸਾਹਬੂ ਵਿਖ਼ੇ ਡਾ.ਅੰਬੇਡਕਰ ਭਵਨ ਕਮੇਟੀ, ਗੁਰੂ ਰਵਿਦਾਸ ਗੁਰਦੁਆਰਾ ਕਮੇਟੀ, ਐਨ. ਆਰ. ਆਈ ਵੀਰਾਂ ਅਤੇ ਗ੍ਰਾਮ ਪੰਚਾਇਤ ਚੱਕ ਸਾਹਬੂ ਦੇ ਸਾਂਝੇ ਸਹਿਯੋਗ ਨਾਲ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 135ਵਾਂ ਜਨਮਦਿਨ ਬਹੁਤ ਹੀ ਉਤਸ਼ਾਹ ਪੂਰਵਿਕ ਮਨਾਇਆ। ਇਸ ਮੌਕੇ ਮੈਡਮ ਸੰਦੀਪ ਕੌਰ ਲਾਂਦੜਾ ਚੇਅਰਪਰਸਨ ਬਲਾਕ ਸੰਮਤੀ ਬਲਾਕ ਫਿਲੌਰ, ਬਲਾਕ ਸੰਮਤੀ ਮੈਂਬਰ ਮੈਡਮ ਅਨੀਤਾ ਪੌਲ, ਕੁਲਵੀਰ ਪੌਲ ਅੱਟੀ, ਬਸਪਾ ਕੁਆਡੀਨੇਟਰ ਹਲਕਾ ਫਿਲੌਰ ਮਹਿੰਦਰ ਪਾਲ ਤੇਹਿੰਗ, ਵਿਸ਼ੇਸ ਤੌਰ ਤੇ ਹਾਜ਼ਿਰ ਹੋਏ





ਅਤੇ ਬਾਬਾ ਸਾਹਿਬ ਜੀ ਦੇ ਜੀਵਨ ਸੰਘਰਸ਼ ਸੰਬੰਧੀ ਜਾਣੂ ਕਰਵਾਇਆ।
*ਮਾਤਾ ਕਲਸਾਂ ਯਾਦਗਾਰੀ ਅਵਾਰਡ ਦੀ ਸ਼ੁਰੂਆਤ*
ਇਸ ਮੌਕੇ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ 650 ਸਾਲਾ ਗੁਰਪੁਰਬ ਨੂੰ ਮੁੱਖ ਰੱਖਦਿਆਂ ਮੈਰਿਟ ਆਉਣ ਵਾਲੇ ਸਕੂਲ ਦੇ ਹੋਣਹਾਰ ਬੱਚਿਆਂ ਨੂੰ ਮਾਤਾ ਕਲਸਾਂ ਯਾਦਗਾਰੀ ਅਵਾਰਡ ਦੀ ਸ਼ੁਰੂਆਤ ਕੀਤੀ ਅਤੇ 2026 ਵਿੱਚ ਮੈਰਿਟ ਵਿੱਚ ਆਏ ਬੱਚਿਆਂ ਜਿਨ੍ਹਾਂ ਵਿੱਚ ਪਿੰਡ ਕੰਗ ਜਗੀਰ ਤੋਂ ਬੇਟੀ ਵੰਸ਼ਿਕਾ ਸੰਧੂ ਨੇ ਦ/ਓ ਸ੍ਰੀ ਜਸਪਾਲ ਸੰਧੂ (ਛਭਸ਼ਓ ਬੋਰਡ )ਮੈਟ੍ਰਿਕ ਦੀ ਪ੍ਰੀਖਿਆ 97.5% ਅੰਕ ਪ੍ਰਾਪਤ ਕਰਕੇ ਪਾਸ ਕੀਤੀ, ਸ਼੍ਰੀ ਇਲਮਚੰਦ ਸਰਵਹਿੱਤਕਾਰੀ ਵਿੱਦਿਆ ਮੰਦਰ ਹਾਈ ਸਕੂਲ ਛੋਕਰਾਂ ਦੀ ਬੇਟੀ ਰੀਤਿਕਾ d/o ਅਵਤਾਰ ਰਾਮ ਨੇ 8ਵੀਂ ਜਮਾਤ ਚੋਂ 592/600 ਨੰਬਰ ਪ੍ਰਾਪਤ ਕਰਕੇ ਪੰਜਾਬ ਚੋਂ 8ਵਾਂ ਜ਼ਿਲ੍ਹਾ ਜਲੰਧਰ ਚੋਂ ਪਹਿਲਾਂ ਸਥਾਨ ਪ੍ਰਾਪਤ ਕੀਤਾ ਹੈ ਅਤੇ ਗੌਰਮਿੰਟ ਹਾਈ ਸਕੂਲ ਲਾਂਦੜਾ ਦੇ ਵਿਦਿਆਰਥੀ ਪਿੰਡ ਖਾਨਪੁਰ ਦੇ ਰਹਿਣ ਵਾਲੇ ਸੌਰਵ ਜੱਖੂ ਸ/ ਤਰਸੇਮ ਲਾਲ ਨੇ 8ਵੀਂ ਜਮਾਤ ਚੋਂ 587/600 ਨੰਬਰ ਪ੍ਰਾਪਤ ਕਰਕੇ ਪੰਜਾਬ ਚੋਂ 13ਵਾਂ ਸਥਾਨ ਪ੍ਰਾਪਤ ਕੀਤਾ ਇੰਨ੍ਹਾਂ ਤਿੰਨਾਂ ਬੱਚਿਆਂ ਨੂੰ ਕਮੇਟੀ ਵਲੋਂ ਮਾਤਾ ਕਲਸਾਂ ਯਾਦਗਾਰੀ ਅਵਾਰਡ ਨਾਲ ਸਨਮਾਨਿਤ ਕੀਤਾ ਅਤੇ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਵੀ ਸਟੇਸ਼ਨਰੀ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰਦੀਪ ਲਸਾੜਾ ਦੀ ਏਕਤਾ ਕਲਾ ਮੰਚ ਨੇ ਬਾਬਾ ਸਾਹਿਬ ਦੇ ਜੀਵਨ ਸੰਘਰਸ਼ ਦੇ ਅਧਾਰਤ ਨਾਟਕ ਅਤੇ ਕਰੀਓ ਗ੍ਰਾਫੀਆਂ ਪੇਸ਼ ਕੀਤੀਆਂ। ਇਸ ਪ੍ਰੋਗਰਾਮ ਨੂੰ ਕਾਮਯਾਬ ਬਣਾਉਣ ਵਾਲੇ ਦਾਨੀ ਸੱਜਣਾ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਗੁਰੂ ਕਾ ਲੰਗਰ ਅਟੁੱਟ ਵਰਾਤਿਆ ਗਿਆ। ਇਸ ਮੌਕੇ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ, ਡਾ. ਅੰਬੇਡਕਰ ਭਵਨ ਕਮੇਟੀ, ਐਨ. ਆਈ. ਵੀਰ, ਗ੍ਰਾਮ ਪੰਚਾਇਤ ਚੱਕ ਸਾਹਬੂ ਅਤੇ ਸਾਰੇ ਹੀ ਪਿੰਡ ਦੇ ਸਨਮਾਨਯੋਗ ਪਤਵੰਤੇ ਹਾਜ਼ਿਰ ਸਨ।

# ਸਵਾਮੀ ਦਿਆਲ ਦਾਸ ਜੀ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨਾਲ ਮੁਲਾਕਾਤ ਕੀਤੀ

## ਸਵਾਮੀ ਦਿਆਲ ਦਾਸ ਜੀ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨੂੰ ਮਿਲਦੇ ਹੋਏ


**ਨਵਾਂਸ਼ਹਿਰ /ਕਾਠਗੜ੍ਹ 19 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਡੇਰਾ ਬਾਬਾ ਸਰਵਣ ਦਾਸ ਮਹਾਰਾਜ ਬਾਓੜੀ ਸਾਹਿਬ ਦੇ ਗੱਦੀ ਨਸ਼ੀਨ ਸਵਾਮੀ ਦਿਆਲ ਦਾਸ ਜੀ ਮਹਾਰਾਜ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਵਿਸ਼ੇਸ਼ ਸ਼ਿਸ਼ਟਾਚਾਰ ਮੁਲਾਕ-ਾਤ ਕੀਤੀ। ਮੀਟਿੰਗ ਦੀ ਅਗਵਾਈ ਸੀਨੀਅਰ ਭਾਜਪਾ ਨੇਤਾ ਵਿਜੇ ਭਾਟੀਆ ਸੰਡਰੇਵਾਲ ਨੇ ਕੀਤੀ, ਅਤੇ ਬਲਾਚੌਰ ਖੇਤਰ ਦੇ ਸਾਰੇ ਸੀਨੀਅਰ ਭਾਜਪਾ ਨੇਤਾ ਮੌਜੂਦ ਸਨ। ਸਵਾਮੀ ਦਿਆਲ ਦਾਸ ਜੀ ਦੇ ਨਾਲ ਵਿਜੇ ਭਾਟੀਆ ਸੰਡਰੇਵਾਲ , ਬਰਿੰਦਰ ਸੈਣੀ, ਰਾਜ ਖਟਾਣਾ ਅਤੇ ਗੁਰਨਾਮ ਕਸਾਨਾ ਵੀ ਸਨ। ਮੀਟਿੰਗ ਦੌਰਾਨ ਧਾਰਮਿਕ ਅਤੇ



ਸਮਾਜਿਕ ਮੁੱਦਿਆਂ ਦੇ ਨਾਲ-ਨਾਲ ਮੌਜੂਦਾ ਰਾਜਨੀਤਿਕ ਸਥਿਤੀ 'ਤੇ ਚਰਚਾ ਕੀਤੀ ਗਈ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਵਾਮੀ ਦਿਆਲ ਦਾਸ ਜੀ ਤੋਂ ਅਸ਼ੀਰਵਾਦ ਲਿਆ ਅਤੇ ਮੌਜੂਦ ਸਾਰੇ ਨੇਤਾਵਾਂ ਦਾ ਸਨਮਾਨ ਕੀਤਾ। ਮੀਟਿੰਗ ਦੌਰਾਨ ਬਲਾਚੌਰ ਦੇ ਨੇਤਾ ਵਿਜੇ ਭਾਟੀਆ, ਬਰਿੰਦਰ ਸੈਣੀ, ਰਾਜ ਖਟਾਨਾ ਅਤੇ ਗੁਰਨਾਮ ਕਸਾਨਾਂ ਨੇ ਸਾਂਝੇ ਤੌਰ 'ਤੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਜਪਾ ਦੀਆਂ ਲੋਕ-ਪੱਖੀ ਨੀਤੀਆਂ ਨੇ ਲੋਕਾਂ ਵਿੱਚ ਬਹੁਤ ਉਤਸ਼ਾਹ ਪੈਦਾ ਕੀਤਾ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਦੇਸ਼ ਅਤੇ ਰਾਜ ਦੋਵਾਂ ਵਿੱਚ ਭਾਜਪਾ ਦੀ ਸਥਿਤੀ ਮਜ਼ਬੂਤ ਹੈ ਅਤੇ 2027 ਵਿੱਚ ਭਾਜਪਾ ਜ਼ਰੂਰ ਸਰਕਾਰ ਬਣਾਏਗੀ। ਆਗੂਆਂ ਨੇ ਸਾਰੇ ਵਰਕਰਾਂ ਅਤੇ ਲੀਡਰਸ਼ਿਪ ਨੂੰ ਅਪੀਲ ਕੀਤੀ ਕਿ ਉਹ ਹੁਣ ਤੋਂ ਚੋਣ ਮੈਦਾਨ ਵਿੱਚ ਡਟੇ ਰਹਿਣ ਅਤੇ ਪਾਰਟੀ ਦੀਆਂ ਨੀਤੀਆਂ ਅਤੇ ਲੋਕ ਭਲਾਈ ਯੋਜਨਾਵਾਂ ਨੂੰ ਘਰ-ਘਰ ਪਹੁੰਚਾਉਣ ਲਈ ਦਿਨ-ਰਾਤ ਇੱਕਜੁੱਟ ਰਹਿਣ।

# ਬੇਸਹਾਰਾ ਪਸ਼ੂ ਦੀ ਮੋਟਰਸਾਈਕਲ ਨਾਲ ਟੱਕਰ 'ਚ 2 ਮੋਟਰਸਾਈਕਲ ਸਵਾਰ ਗੰਭੀਰ ਜਖਮੀ

**ਨਵਾਂਸ਼ਹਿਰ /ਕਾਠਗੜ੍ਹ 19ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਰੋਪੜ੍ਹ ਬਲਾਚੌਰ ਬਲਾਚੌਰ ਨੈਸ਼ਨਲ ਹਾਈਵੇ ਤੇ ਨੇੜੇ ਗਿੱਲ ਢਾਬਾ(ਮੁੱਤੋਂ ਪੁਲ ) ਦੇ ਕੋਲ ਐਕਸੀਡੈਂਟ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਕੁਲਵੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਰਾਹਗੀਰ ਤੋਂ ਸੂਚਨਾ ਪ੍ਰਾਪਤ ਹੋਈ ਕਿ ਗਿੱਲ ਢਾਬਾ ਨਜ਼ਦੀਕ ਐਕਸੀਡੈਂਟ ਹੋ ਗਿਆ ਤਾਂ ਉਨਾਂ ਨੇ ਤਰੁੰਤ ਮੌਕੇ ਤੇ ਜਾ ਕੇ ਦੇਖਿਆ ਕਿ ਇੱਕ ਪ ਲ ਸ ਰ ਮੋਟਰਸਾਈਕਲ ਜਿਸ ਦਾ ਨੰਬਰ ਪੀ ਬੀ 09ਏ ਏ 0708 ਜਿਸ ਨੂੰ ਸਿਰਾਜ਼ ਪੁੱਤਰ ਫੁਰਾਹਿਨੀ ਹਾਲ ਵਾਸੀ (ਐਲ ਪੀ ਯੂ ) ਫਗਵਾੜਾ ਚਲਾ ਰਿਹਾ ਸੀ ਅਤੇ ਇਸ ਦੇ ਮਗਰ ਇਸ ਦਾ ਦੋਸਤ ਮੋਟਰਸਾਈਕਲ ਤੇ ਬੈਠਾਂ ਜਿਸ ਦਾ ਨਾ






ਸੁੱਥਵਰਟ ਪੁੱਤਰ ਗੋਨਜਲਵਾ (ਐਲ ਪੀ ਯੂ ) ਹਾਲ ਵਾਸੀ ਫਗਵਾੜਾ ਬੈਠਾ ਸੀ ਇਹ ਦੋਨੋਂ ਮੋਟਰਸਾਈਕਲ ਸਵਾਰ ਬਲਾਚੌਰ ਸਾਇਡ ਤੋਂ ਰੋਪੜ੍ਹ ਸਾਈਡ ਜਾ ਰਹੇ ਸਨ। ਜਦੋਂ ਇਹ ਮੋਟਰਸਾਈਕਲ ਗਿੱਲ ਢਾਬੇ ਨਜ਼ਦੀਕ ਪਹੁੰਚੇ ਤਾਂ ਸਾਹਮਣੇ ਤੋਂ ਅਚਾਨਕ ਇੱਕ ਬੇਸਹਾਰਾ ਪਸ਼ੂ ਆ ਗਿਆ ਜਿਸ ਨੂੰ ਬਚਾਉਣ ਲਈ ਮੋਟਰਸਾਈਕਲ ਸਵਾਰ ਨੇ ਬ੍ਰੇਕ ਮਾਰੀ ਪਰ ਮੋਟਰਸਾਈਕਲ ਦਾ ਸਤੁੰਨਲ ਵਿਗੜ ਜਿਸ ਨਾਲ ਮੋਟਰਸਾਈਕਲ ਬੇਸਹਾਰਾ ਪਸ਼ੂ ਨਾਲ ਟਕਰਾ ਗਿਆ ਅਤੇ ਮੋਟਰਸਾਈਕਲ ਬੈਕਾਬੂ ਹੋ ਕਿ ਝਾੜੀਆਂ ਵਿੱਚ ਜਾ ਵੜਿਆ ਜਿਸ ਵਿੱਚ ਨਾਲ ਦੋਨਾਂ ਮੋਟਰਸਾਈਕਲ ਵਿਅਕਤੀਆਂ ਦੀ ਗੰਭੀਰ ਜਖਮੀ ਹੋ ਗਏ ਜਿਹਨਾਂ ਨੂੰ ਕਿ ਨੈਸ਼ਨਲ ਹਾਈਵੇ ਅਥਾਰਟੀ ਦੀ ਐਂਬੂਲੈਂਸ ਦੀ ਮਦਦ ਨਾਲ ਇਲਾਜ ਲਈ ਸਰਕਾਰੀ ਹਸਪਤਾਲ ਬਲਾਚੌਰ ਪਹੁੰਚਾਇਆ ਗਿਆ।ਹਾਦਸੇ ਵਿੱਚ ਮੋਟਰਸਾਈਕਲ ਬੁਰੀ ਤਰ੍ਹਾਂ ਨਾਲ ਨੁਕਸਾਨੀਆ ਗਿਆ ਜਾਨੀ ਨੁਕਸਾਨ ਦਾ ਬਚਾਅ ਹੋ ਗਿਆ ਇਸ ਹਾਦਸੇ ਦੀ ਸੂਚਨਾ ਕੰਟ੍ਰੋਲਰ ਰੂਮ ਨਵਾਂਸ਼ਹਿਰ ਅਤੇ ਥਾਣਾ ਕਾਠਗੜ੍ਹ ਨੂੰ ਦੇ ਦਿੱਤੀ ਗਈ ਹੈ।

# (ਹੋਮਿਓਪੈਥੀ–ਵਚਿੱਤਰ ਇਲਾਜ ਪ੍ਰਣਾਲੀ)

ਹੋਮਿਓਪੈਥੀ ਦੇ ਪਿਤਾਮਾ ਡਾਕਟਰ ਕ੍ਰਿਸਚਨ ਫਰੈਡਰਿਕ ਸੈਮੂਅਲ ਹੈਨੀਮਨ ਦਾ ਜਨਮ 10 ਅਪ੍ਰੈਲ 1755 ਵਿੱਚ ਜਰਮਨੀ ਦੇ ਸ਼ਹਿਰ ਮੀਜ਼ਨ ਵਿੱਚ ਹੋਇਆ। ਹੋਮਿਓਪੈਥੀ ਤੋਂ ਪਹਿਲਾਂ, ਉਹ ਇੱਕ ਮਿਹਨਤੀ ਐਮਡੀ ਡਾਕਟਰ ਸਨ। ਉਸ ਵੇਲੇ ਦੀਆਂ ਪ੍ਰਚਲਿਤ ਇਲਾਜ ਵਿਧੀਆਂ ਤੋਂ ਸੰਤੁਸ਼ਟ ਨਹੀਂ ਸਨ ਕਿਉਂਕਿ ਉਹ ਵਿਧੀਆਂ, ਕਈ ਵਾਰ ਰੋਗਾਂ ਤੋਂ ਵੱਧ ਪੀੜਾਦਾਇਕ ਹੁੰਦੀਆਂ ਸਨ। ਪੱਕਾ ਇਲਾਜ ਨਹੀਂ ਕਰਦੀਆਂ ਸਨ। ਹੋਰ ਵਧੇਰੇ ਖੋਜ ਲਈ ਉਨ੍ਹਾਂ ਨੇ ਆਪਣੀ ਪ੍ਰੈਕਟਿਸ ਵੀ ਛੱਡ ਦਿੱਤੀ। 1789 ਵਿੱਚ "ਮੈਟੀਰੀਆ ਮੈਡੀਕਾ ਆਫ ਵਿਲੀਅਮ ਕੁਲੀਨ" ਨਾਮ ਦੀ ਕਿਤਾਬ ਦਾ ਅਨੁਵਾਦ ਕਰ ਰਹੇ ਸਨ, ਇਸ ਦੌਰਾਨ ਉਨ੍ਹਾਂ ਨੇ ਪੜਿਆ ਕਿ ਸਿਨਕੋਨਾਂ ਨਾਮ ਦੇ ਪੌਦੇ ਦਾ ਸਰੱਕ ਮਲੇਰੀਆ ਨੂੰ ਠੀਕ ਕਰਦਾ ਹੈ ਕਿਉਂਕਿ ਇਹ ਸੱਕ ਕੌੜਾ ਹੈ। ਹੋਰ ਵੀ ਕਈ ਔਸ਼ਧੀਆਂ ਕੌੜੀਆਂ ਸਨ, ਪਰ ਮਲੇਰੀਏ ਨੂੰ ਸਿਰਫ ਸਿਨਕੋਨਾ ਹੀ ਠੀਕ ਕਰਦੀ ਸੀ। ਇਸ ਗੱਲ ਦੀ ਪੁਸ਼ਟੀ ਦੀ ਅਜਮਾਇਸ਼ ਉਨ੍ਹਾਂ ਅਪਣੇ ਉੱਤੇ ਕੀਤੀ ਸਿਨਕੋਨਾਂ ਦਾ ਜੂਸ ਪੀਣਾ ਸ਼ੁਰੂ ਕਰ ਦਿੱਤਾ, ਕੁਝ ਦਿਨ ਵਿੱਚ ਉਨ੍ਹਾਂ ਦੇ ਸਰੀਰ ਅੰਦਰ ਮਲੇਰੀਏ ਵਰਗੇ ਲੱਛਣ ਪੈਦਾ ਹੋਣੇ ਸ਼ੁਰੂ ਹੋ ਗਏ। ਇਸ ਤੋਂ ਉਨ੍ਹਾਂ ਨੇ ਇਹ ਨਚੋੜ ਕੱਢਿਆ ਕਿ ਸਿਨਕੋਨਾ ਵਿੱਚ ਮਲੇਰੀਆ ਇਸ ਕਰਕੇ ਠੀਕ ਕਰਦਾ ਹੈ ਕਿਉਂਕਿ ਉਸ ਵਿੱਚ ਮਲੇਰੀਆ ਵਰਗੇ ਲੱਛਣ ਪੈਦਾ ਕਰਨ ਦੀ ਸਮਰੱਥਾ ਹੈ ਨਾ ਕਿ ਉਸ ਵਿੱਚਲੀ ਕੁੜੱਤਣ ਕਰਕੇ। ਇਸ ਤੋਂ ਉਨ੍ਹਾਂ ਨੇ ਹੋਮਿਓਪੈਥੀ ਦਾ ਸਿਧਾਂਤ "ਸਿਮੀਲੀਆ ਸਿਮੀਲੀਬਸ ਕਿਉਰੈਂਚੁਅਰ" ਕੱਢਿਆ। ਡਾਕਟਰ ਹੈਨੀਮਨ ਨੇ ਇਹ ਸਿਧਾਂਤ ਵੀ ਸਾਹਮਣੇ ਲਿਆਂਦਾ ਕਿ ਇਨਸਾਨ ਦੇ ਸਥੂਲ ਸਰੀਰ ਦੇ ਅੰਦਰ ਹਮੇਸ਼ਾ ਜੀਵਨ ਧਾਰਾ ਵਹਿੰਦੀ ਰਹਿੰਦੀ ਹੈ ਜੋ ਇਨਸਾਨ ਨੂੰ ਜਿਉਂਦਾ ਰੱਖਦੀ ਹੈ। ਉਨ੍ਹਾਂ ਇਸ ਜੀਵਨਧਾਰਾ ਨੂੰ ਵਾਈਟਲ ਫੋਰਸ, "ਮਹੱਤਵਪੂਰਨ ਸ਼ਕਤੀ", ਦਾ ਨਾਮ ਦਿੱਤਾ ਉਨ੍ਹਾਂ ਅਨੁਸਾਰ ਜਦੋਂ ਵੀ ਸਾਡੇ ਸਥੂਲ ਸਰੀਰ ਅਤੇ ਇਸ ਸੂਖਮ ਜੀਵਨਧਾਰਾ ਦੀ ਇਕਾਗਰਤਾ ਵਿੱਚ ਵਿਘਨ ਪੈਂਦਾ ਹੈ ਤਾਂ ਬਿਮਾਰੀ ਪੈਦਾ ਹੁੰਦੀ ਹੈ। ਇਸੇ



ਕਰਕੇ, ਕਿਸੇ ਵੀ ਬਿਮਾਰੀ ਨੂੰ ਠੀਕ ਕਰਨ ਲਈ ਵੀ ਸੂਖਮ ਔਸ਼ਧੀ ਤਿਆਰ ਕਰਨ ਦੀ ਵਿਧੀ ਨੂੰ ਡਾਕਟਰੀ ਭਾਸ਼ਾ ਵਿੱਚ "ਪੇਟੈਂਟਾਈਜੇਸ਼ਨ"ਕਿਹਾ ਜਾਂਦਾ ਹੈ। ਤਤਕਾਲੀ ਇਲਾਜ ਪ੍ਰਣਾਲੀਆਂ ਤੋਂ ਵਖਰੇਵਾਂ ਹੋਣ ਕਾਰਨ ਡਾਕਟਰ ਹੈਨੀਮਨ ਦਾ ਬਹੁਤ ਵਿਰੋਧ ਹੋਇਆ। ਪਰ ਉਹ ਅਪਣੇ ਵਿਸ਼ਵਾਸ ਤੇ ਕਾਇਮ ਰਹੇ ਤੇ ਆਪਣੀ ਖੋਜ ਜਾਰੀ ਰੱਖੀ। ਇਸ ਦੇ ਨਤੀਜੇ ਵਜੋਂ ਸੰਸਾਰ ਨੂੰ ਸੂਖਮ ਪ੍ਰਣਾਲੀ ਇਲਾਜ ਲਈ ਮਿਲੀ। ਡਾਕਟਰ ਹੈਨੀਮਨ ਦੋ ਜੁਲਾਈ 1843 ਨੂੰ 88 ਸਾਲ ਦੀ ਉਮਰ ਵਿੱਚ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੀ ਸਮਾਧ ਫਰਾਂਸ ਦੇ ਪੈਰਿਸ ਸ਼ਹਿਰ ਵਿੱਚ ਹੈ।ਦੋ ਸਦੀਆਂ ਬੀਤ ਜਾਣ ਦੇ ਬਾਅਦ ਵੀ, ਉਨ੍ਹਾਂ ਦੀ ਖੋਜ ਨਾਲ, ਆਮ ਲੋਕਾਂ ਦੀ ਜ਼ਿੰਦਗੀ ਤੰਦਰੁਸਤ ਅਤੇ ਖੁਸ਼ਹਾਲ ਬਣਾਉਣ ਵਿੱਚ ਭਾਰੀ ਯੋਗਦਾਨ ਪਾ ਰਹੀ ਹੈ। ਲੇਖਕ ਖੁਦ ਵੀ ਪੁਸ਼ਤੈਨੀ ਬਿਮਾਰੀਆਂ ਤੋਂ ਪੀੜਿਤ ਰਿਹਾ ਹੈ। ਅੰਦਰਲੇ ਸਰੀਰਕ ਤੇ ਮਾਨਸਿਕ ਰੋਗ, ਚਮੜੀ ਦੇ ਰਾਹੀਂ ਬਾਹਰ ਨਿਕਲਣੇ ਸ਼ੁਰੂ ਹੋਏ, ਕੰਨਾਂ ਤੋਂ ਉੱਚਾ ਸੁਣਾਈ ਦੇਣਾ, ਮਾਨਸਿਕ ਪਰੇਸ਼ਾਨੀ ਆਦਿਕ। ਸਹਿਜਤਾ ਦੇ ਨਾਲ ਸਭ ਠੀਕ ਹੋ ਗਏ।ਮੇਰੇ ਪੁਰਾਣੇ ਸਹਿਯੋਗੀ ਅਤੇ ਦਫਤਰੀ ਸਾਥੀਆਂ ਨੂੰ ਜਾਣਕਾਰੀ ਮਿਲਣ ਨਾਲ, ਇਸ ਦਾ ਬਹੁਤ ਲਾਭ ਹੋਇਆ, ਬਿਲਕੁਲ ਤੰਦਰੁਸਤ ਹੋ ਗਏ। ਜਿਨ੍ਹਾਂ ਨਹੀਂ ਮੰਨਿਆ, ਅਣਗਹਿਲੀ ਕੀਤੀ, ਉਨ੍ਹਾਂ ਨੇ ਬੁਰੀ ਤਰ੍ਹਾਂ ਭੁਗਤਿਆ। ਮੇਰੇ ਚਾਚਾ ਜੀ ਦੇ ਬੇਟੇ ਨੂੰ ਬਹੁਤ ਜ਼ੋਰਦਾਰ ਸਿਰ ਦਰਦ ਰਹਿੰਦਾ ਸੀ, ਐਲੋਪੈਥਿਕ ਡਾਕਟਰਾਂ ਨੇ ਇੰਜੈਕਸ਼ਨ ਦੇਣੇ ਸ਼ੁਰੂ ਕੀਤੇ, ਉਹ ਕਹਿੰਦਾ, ਬਸ ਇਸ ਟੀਕੇ ਤੋਂ ਬਾਅਦ ਹੋਮਿਓਪੈਥੀ ਦਾ ਇਲਾਜ ਸ਼ੁਰੂ ਕਰਾਂਗਾ, ਪਰ ਕੁਝ ਦਿਨਾਂ ਬਾਅਦ ਹੀ ਉਸਦੀ ਮੌਤ ਹੋ ਗਈ। ਉਸ ਤੋਂ ਬਾਅਦ ਦਫਤਰ ਦੇ ਇੱਕ ਚਪੜਾਸੀ ਨੇ ਆਪਣੀ ਤਕਲੀਫ ਦੱਸੀ ਤੇ ਕਿਹਾ ਮੇਰੇ ਟੀਕੇ ਲੱਗ ਰਹੇ ਹਨ। ਮੈਂ ਉਸ ਨੂੰ ਹੋਮਿਓਪੈਥੀ ਇਲਾਜ ਦੀ ਸਲਾਹ ਦਿੱਤੀ। ਉਹ ਕਹਿੰਦਾ ਜੀ, ਬਸ ਇੱਕ ਹੋਰ ਟੀਕਾ ਲੱਗਣਾ ਹੈ, ਉਸ ਤੋਂ ਬਾਅਦ ਮੈਂ ਹੋਮਿਓਪੈਥੀ ਦਵਾਈ ਲਵਾਂਗਾ। ਕੁਝ ਮਹੀਨਿਆਂ ਬਾਅਦ ਜਦੋਂ ਮੈਂ ਦਫਤਰ ਗਿਆ ਉਸ ਬਾਰੇ ਪੁੱਛਿਆ ਤਾਂ ਸਾਥੀਆਂ ਨੇ ਦੱਸਿਆ ਕਿ ਉਹ ਤਾਂ ਰੱਬ ਨੂੰ ਪਿਆਰਾ ਹੋ ਗਿਆ। ਡਾਕਟਰ ਹੈਨੀਮਨ ਸਾਹਿਬ ਦੀ ਵਚਿੱਤਰ ਇਲਾਜ ਪੁਰਾਣੀ ਹੋਮਿਉਪੈਥੀ ਦੇ ਬਹੁਤ ਰਿਣੀ ਹਾਂ। ਅਪ੍ਰੈਲ ਮਹੀਨਾ ਹੋਮਿਓਪੈਥੀ ਦਿਵਸ ਵਜੋਂ ਮਨਾਇਆ ਜਾਂਦਾ ਹੈ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639**

# ਦੇਸ਼ ਦਾ ਭਵਿੱਖ ਨਿਘਾਰ ਵੱਲ, ਚਿੰਤਾ ਦਾ ਵਿਸ਼ਾ ਪਰ ਹੈ ਕਿਸ ਹੱਥ ਵਸ!

ਦੇਸ਼ ਦਾ ਆਰਥਿਕ ਅਤੇ ਸਮਾਜਿਕ ਦ੍ਰਿਸ਼ ਅੱਜ ਇੱਕ ਅਜਿਹੇ ਮੋੜ 'ਤੇ ਖੜ੍ਹਾ ਹੈ ਜਿੱਥੇ ਅਵਾਮ , ਖ਼ਾਸ ਕਰਕੇ ਕਿਸਾਨ ਤੇ ਮਜ਼ਦੂਰ , ਸਭ ਤੋਂ ਵੱਡੀ ਮਾਰ ਝੱਲ ਰਹੇ ਹਨ । ਮਹਿੰਗਾਈ ਲਗਾਤਾਰ ਚੜ੍ਹਦੀ ਜਾ ਰਹੀ ਹੈ , ਪਰ ਆਮਦਨ ਥਾਂ ਦੀ ਥਾਂ ਖੜ੍ਹੀ ਹੈ । ਖੇਤੀ ਲਾਗਤਾਂ ਵਧਦੀਆਂ ਜਾ ਰਹੀਆਂ ਹਨ—ਡੀਜ਼ਲ ਮਹਿੰਗਾ , ਖਾਦ ਮਹਿੰਗੀ , ਬੀਜ ਮਹਿੰਗਾ—ਪਰ ਫਸਲਾਂ ਦਾ ਮੁੱਲ ਕਿਸਾਨ ਦੀ ਮਿਹਨਤ ਦਾ ਇਨਸਾਫ਼ ਨਹੀਂ ਕਰਦਾ । ਨਤੀਜਾ ਇਹ ਹੈ ਕਿ ਕਿਸਾਨ ਕਰਜ਼ੇ ਵਿੱਚ ਡੁੱਬਦਾ ਜਾ ਰਿਹੈ ਅਤੇ ਮਜ਼ਦੂਰ ਨੂੰ ਦਿਹਾੜੀ ਲਈ ਦਰ-ਦਰ ਭਟਕਣਾ ਪੈ ਰਿਹੈ।

ਬੇਰੁਜ਼ਗਾਰੀ ਦਾ ਮਸਲਾ ਇਸ ਤੋਂ ਵੀ ਵੱਡਾ ਧਮਾਕਾ ਬਣ ਰਿਹਾ ਹੈ । ਪੜ੍ਹਿਆ-ਲਿਖਿਆ ਨੌਜਵਾਨ ਹੱਥ ਵਿੱਚ ਡਿਗਰੀ ਲੈ ਕੇ ਘਰ ਬੈਠਾ ਹੈ , ਸਰਕਾਰੀ ਨੌਕਰੀਆਂ ਘੱਟਦੀਆਂ ਜਾ ਰਹੀਆਂ ਹਨ ਅਤੇ ਨਿੱਜੀ ਖੇਤਰ ਵਿੱਚ ਅਸਥਾਈ ਤੇ ਘੱਟ ਤਨਖ਼ਾਹ ਵਾਲੇ ਕੰਮ ਮਿਲਦੇ ਹਨ । ਇਹ ਹਾਲਾਤ ਨੌਜਵਾਨਾਂ ਨੂੰ ਪਰਦੇਸ ਦੀਆਂ ਰਾਹਾਂ ਵੱਲ ਧੱਕ ਰਹੇ ਹਨ । ਪੰਜਾਬ ਵਰਗਾ ਖੇਤੀ ਪ੍ਰਧਾਨ ਸੂਬਾ ਵੀ ਖਾਲੀ ਹੁੰਦਾ ਜਾ ਰਿਹਾ ਹੈ—ਪਿੰਡਾਂ ਵਿੱਚ ਬੁਜ਼ੁਰਗ ਰਹਿ ਗਏ ਹਨ ਅਤੇ ਨੌਜਵਾਨ ਵਿਦੇਸ਼ਾਂ ਨੂੰ ਰੁਖ ਕਰ ਰਹੇ ਹਨ।

ਦੇਸ਼ ਦਾ ਵਧਦਾ ਕਰਜ਼ਾ ਵੀ ਚਿੰਤਾ ਦਾ ਵਿਸ਼ਾ ਹੈ । ਸਰਕਾਰਾਂ ਵੱਡੇ ਵੱਡੇ ਪ੍ਰੋਜੈਕਟਾਂ ਅਤੇ ਦਿਖਾਵਟੀ ਵਿਕਾਸ ਲਈ ਕਰਜ਼ੇ ਲੈ ਰਹੀਆਂ ਹਨ , ਪਰ ਇਸਦਾ ਸਿੱਧਾ ਲਾਭ ਆਮ ਜਨਤਾ ਤੱਕ ਨਹੀਂ ਪਹੁੰਚਦਾ । ਪੰਜਾਬ ਦਾ ਹਾਲ ਵੀ ਕੁਝ ਵੱਖਰਾ ਨਹੀਂ। ਖਜ਼ਾਨਾ ਖਾਲੀ , ਕਰਜ਼ਾ ਵਧਦਾ ਜਾ ਰਿਹਾ ਹੈ ਅਤੇ ਵਿਕਾਸ ਦੇ ਨਾਮ 'ਤੇ ਸਿਰਫ਼ ਐਲਾਨਾਂ ਦੀ ਬਰਸਾਤ। ਜਦੋਂ ਰਾਜ ਦੀ ਆਰਥਿਕ ਹਾਲਤ ਕਮਜ਼ੋਰ ਹੁੰਦੀ ਹੈ ਤਾਂ ਸਭ ਤੋਂ ਪਹਿਲਾਂ ਮਾਰ ਕਿਸਾਨ , ਮਜ਼ਦੂਰ ਅਤੇ ਮੱਧਵਰਗ 'ਤੇ ਹੀ ਪੈਂਦੀ ਹੈ ।

ਇਨ੍ਹਾਂ ਹਾਲਾਤਾਂ ਦਾ ਹੱਲ ਵੀ ਸਾਫ਼ ਹੈ ਪਰ ਇਰਾਦੇ ਦੀ ਕਮੀ ਹੈ । ਸਭ ਤੋਂ ਪਹਿਲਾਂ ਖੇਤੀ ਨੂੰ ਲਾਭਕਾਰੀ ਬਣਾਉਣ ਲਈ ਫਸਲਾਂ ਦਾ ਕਾਨੂੰਨੀ ਘੱਟੋ-ਘੱਟ ਸਮਰਥਨ ਮੁੱਲ ਯਕੀਨੀ ਬਣਾਇਆ ਜਾਵੇ । ਦੂਜਾ, ਪਿੰਡਾਂ ਵਿੱਚ ਛੋਟੇ ਉਦਯੋਗ ਲਗਾ ਕੇ ਮਜ਼ਦੂਰ ਅਤੇ ਨੌਜਵਾਨਾਂ ਨੂੰ ਸਥਾਨਕ ਰੁਜ਼ਗਾਰ ਦਿੱਤਾ ਜਾਵੇ । ਤੀਜਾ , ਸਰਕਾਰੀ ਖਰਚਾਂ 'ਚ ਕਟੌਤੀ ਕਰਕੇ ਕਰਜ਼ੇ ਦੀ ਲਗਾਮ ਫੜੀ ਜਾਵੇ ਅਤੇ ਸਿਹਤ , ਸਿੱਖਿਆ ਅਤੇ ਰੁਜ਼ਗਾਰ ਉਤਪੰਨ ਕਰਨ ਵਾਲੇ ਖੇਤਰਾਂ ਵਿੱਚ ਨਿਵੇਸ਼ ਵਧਾਇਆ ਜਾਵੇ। ਚੌਥਾ, ਭ੍ਰਿਸ਼ਟਾਚਾਰ 'ਤੇ ਸਖ਼ਤ ਕਾਰਵਾਈ ਹੋਵੇ ਤਾਂ ਜੋ ਲੋਕਾਂ ਦਾ ਪੈਸਾ ਲੋਕਾਂ 'ਤੇ ਹੀ ਖਰਚ ਹੋਵੇ।

ਜੇ ਹੁਣ ਵੀ ਸਰਕਾਰਾਂ ਅਤੇ ਨੀਤੀ ਨਿਰਧਾਰਕ ਨਾ ਜਾਗੇ ਤਾਂ ਹਾਲਾਤ ਹੋਰ ਭਿਆਨਕ ਹੋਣੇ ਤੈਅ ਹਨ। ਕਿਸਾਨ ਦੀ ਟੁੱਟਦੀ ਕਮਰ, ਮਜ਼ਦੂਰ ਦੀ ਖਾਲੀ ਜੇਬ ਅਤੇ ਨੌਜਵਾਨ ਦੀ ਬੇਰੁਜ਼ਗਾਰੀ ਇੱਕ ਵੱਡੇ ਸਮਾਜਿਕ ਧਮਾਕੇ ਦੀ ਚੇਤਾਵਨੀ ਹੈ। ਸਮਾਂ ਮੰਗਦਾ ਹੈ ਕਿ ਦਿਖਾਵੇ ਦੀ ਸਿਆਸਤ ਛੱਡ ਕੇ ਜ਼ਮੀਨੀ ਹੱਲ ਲੱਭੇ ਜਾਣ, ਨਹੀਂ ਤਾਂ ਅਗਲਾ ਦੌਰ ਸਿਰਫ਼ ਆਰਥਿਕ ਨਹੀਂ, ਸਮਾਜਿਕ ਅਸਥਿਰਤਾ ਦਾ ਵੀ ਗਵਾਹ ਬਣੇਗਾ।



**ਪੱਤਰਕਾਰ ਬਲਦੇਵ ਸਿੰਘ ਜਨੂਹਾ**
98148 24215

# ਰੇਖਾ ਚਿੱਤਰ

ਹਰਪਿੰਦਰ ਹਰਮਨ ਵਧੀਆ ਸੁਭਾਅ ਦੀ, ਪਰ ਜਲੇਬੀ ਵਰਗੀ ਵਿੰਗੀ ਤੜਿੰਗੀ ਕੁੜੀ ਹੈ। ਵਿੰਗੀ ਤੜਿੰਗੀ ਤਾਂ ਕਿਹੈ, ਕਿਉਂਕਿ ਓਸ ਵਿੱਚ ਕਾਫੀ ਕੁਝ ਅਜਿਹਾ ਹੈ, ਜੋ ਸਮਾਜ ਨੂੰ ਪਚਾਉਣਾ ਔਖਾ ਹੋ ਜਾਂਦੈ। ਉਮਰਾਂ ਦੇ ਚਾਰ ਕੁ ਦਹਾਕਿਆਂ ਤੱਕ ਮੈਂ ਵੀ ਓਹਨਾਂ ਮਰਦਾਂ ਵਰਗਾ ਈ ਸੀ, ਜੋ ਕਿਸੇ ਔਰਤ ਨੂੰ ਪਹਿਲੀ ਵਾਰ ਮਿਲਣ ਉੱਤੇ, "ਹੋਰ ਈ ਅੰਦਾਜੇ" ਲਗਾਉਣ ਲੱਗ ਜਾਂਦੇ ਨੇ। ਪਰ ਫਿਰ ਆਪਣੀ ਆਦਤ ਨੂੰ ਬਦਲ ਲਿਆ। ਮੈਂ ਹੁਣ ਮੇਰੀਆਂ ਦੋਸਤ ਔਰਤਾਂ ਵਿੱਚ "ਦਿਲਚਸਪੀ" ਨਹੀਂ ਲੈਂਦਾ, ਓਹਨਾਂ ਨੂੰ ਸਮਝਣ ਤੇ ਓਹਨਾਂ ਤੋਂ ਕੁਝ ਨਵਾਂ ਸਿੱਖਣ ਦੀ ਓਵੇਂ ਕੋਸਿਸ਼ ਕਰਦਾਂ, ਜਿਵੇਂ ਮਰਦਾਂ ਤੋਂ।

ਹਰਪਿੰਦਰ ਸਮਾਜ ਸੇਵੀ ਹੈ, ਪਰ ਓਹਨਾਂ 'ਚੋਂ ਅਜੇ ਤੱਕ ਨਹੀਂ, ਜੋ ਸਮਾਜ ਸੇਵਾ ਦੇ ਨਾਂ 'ਤੇ ਖੁਦ ਦੀ ਸੇਵਾ ਕਰਨ ਲੱਗ ਜਾਂਦੇ ਨੇ। ਅਸੀਂ ਕੁੱਝ ਕੁ ਸਾਹਿਤਕ ਪ੍ਰੋਗਰਾਮਾਂ 'ਤੇ ਮਿਲਦੇ ਰਹੇ ਆਂ, ਪਰ ਕੱਲ੍ਹ ਦਾ ਦਿਨ ਸੱਚੀਂ-ਮੁੱਚੀਂ ਸਰੋਂਆਂ ਦੇ ਪੱਕਣ ਤੋਂ ਪਹਿਲਾਂ, ਓਹਦੇ ਉਤੇ ਖਿੜਦੀ ਬਹਾਰ ਵਰਗਾ ਸੀ। ਹਰਪਿੰਦਰ ਦੀਆਂ ਕਈ ਗੱਲਾਂ ਨੇ ਮੈਨੂੰ ਖਿੱਚਿਆ।

ਓਸ ਵੱਲੋਂ ਸੰਤਾਂ ਦੇ ਡੇਰੇ ਆਉਣ ਦੇ ਨਿਸ਼ੰਗ ਜਿਹੇ ਢੰਗ ਨੇ। ਆਪਣਾ ਹੀ ਘਰ ਸਮਝ ਬੈਠਣ ਦੇ ਢੰਗ ਨੇ। ਨਿਰਸੰਕੋਚ ਹੋ ਕੇ ਖਾਣ ਦੇ ਢੰਗ ਤੇ ਇਵੇਂ ਈ ਹਰ ਮਸਲੇ ਉੱਤੇ ਨਿਰਸੰਕੋਚ ਬੋਲਣ ਦੇ ਢੰਗ ਨੇ।

ਇੱਕੋ ਸ਼ਹਿਰ ਰਹਿੰਦਿਆਂ ਅਸੀਂ ਕਦੇ ਏਨਾ ਲੰਮਾ ਸਮਾਂ ਇੱਕ-ਦੂਸਰੇ ਨਾਲ਼ ਬਹੁਤੇ ਜੁਗਾਂਦੜੇ ਨ੍ਹੀਂ ਸੀ ਮਾਰੇ



ਪਹਿਲਾਂ ਕਦੇ।

ਖੁਦ ਸਾਹਿਤ 'ਚ ਦਿਲਚਸਪੀ ਹੋਣ ਕਾਰਨ, ਮੈਨੂੰ ਸਾਹਿਤ ਨਾਲ਼ ਜੁੜਿਆ ਬੰਦਾ ਚੰਗਾ-ਚੰਗਾ ਲਗਦਾ ਹੈ। ਇਸੇ ਕਾਰਨ ਮੈਨੂੰ ਹਰਪਿੰਦਰ ਚੰਗੀ ਕੁੜੀ ਲੱਗੀ। ਸਮਾਜ ਪ੍ਰਤੀ ਓਸਦੇ ਸੁਪਨਿਆਂ ਦਾ ਆਕਾਰ ਵੱਡਾ ਹੈ। ਦੁਆ ਕਰਦਾਂ ਓਹ ਆਪਣੀ ਸੋਚ ਵਰਗੀ ਸੋਚ ਨੂੰ ਸਾਕਾਰ ਕਰੇ ਤੇ ਓਸਦੇ ਸਾਰੇ ਸੁਪਨੇ ਅੰਬਰ ਨਾਲ਼ ਯਾਰੀਆਂ ਪੁਗਾਉਣ 'ਚ ਸਫਲ ਰਹਿਣ। ਹਾਂ ਸੱਚ, ਅਸੀਂ ਦੋਵਾਂ ਨੇ ਸਮਾਜ ਤੇ "ਕੁਝ ਲੋਕਾਂ" ਦੀਆਂ ਚੁਗਲੀਆਂ ਵੀ ਕੀਤੀਆਂ ਤੇ ਐਂਟੀ ਸੁੱਖੀ ਬਨਵੈਤ ਲਈ ਖਾਸ ਤੌਰ ਉੱਤੇ ਹਰਪਿੰਦਰ ਨੇ, ਹਰਸ਼ ਨੂੰ ਆਖ ਇੱਕ ਵੀਡੀਓ ਵੀ ਬਣਾਈ। ਪਤਾ ਨ੍ਹੀਂ ਐਂਟੀ ਨੂੰ ਭੇਜੀ ਵੀ ਆ ਜਾਂ ਨਹੀਂ ਹਰਮਨ ਨੇ?

**ਜਸਵਿੰਦਰ ਪੰਜਾਬੀ**

# ਲਓ ਜੀ ਆਪਾਂ ਵੀ ਹੋ ਗਏ ਤਿੰਨਾਂ ਤੇਰਾਂ 'ਚ!


ਕਹਿੰਦੇ ਇੱਕ ਵਾਰ ਸਵ. ਸ. ਜਗਦੇਵ ਸਿੰਘ ਜੱਸੋਵਾਲ ਨੂੰ ਇੱਕ ਗੀਤਕਾਰ ਕਹਿੰਦਾ ਕਿ ਮੇਰਾ ਵੀ ਸਨਮਾਨ ਕਰ ਦਿਓ ਜੀ ਮੇਲੇ 'ਤੇ। ਜੱਸੋਵਾਲ ਸਾਹਬ ਕਹਿੰਦੇ ਕੋਈ ਗੱਲ ਨਹੀਂ ਕਰ ਦਿਆਂਗੇ। ਕਹਿੰਦੇ ਐਂ ਕਰ ਕਾਗਜ਼ ਪੈੱਨ ਚੁੱਕ ਅਤੇ ਤਿੰਨ ਗਾਇਕਾਂ ਦੇ ਨਾਮ ਲਿਖ। ਉਹ ਕਹਿੰਦਾ ਜੀ ਲਿਖ ਲਏ। ਜੱਸੋਵਾਲ ਸਾਹਬ ਕਹਿੰਦੇ ਸ਼ਾਬਾਸ਼ ਹੁਣ ਤੇਰਾਂ ਗੀਤਕਾਰਾਂ ਦੇ ਨਾਮ ਲਿਖ। ਪੰਜ ਕੁ ਮਿੰਟ ਬਾਅਦ ਉਹ ਕਹਿੰਦਾ ਜੀ ਉਹ ਵੀ ਲਿਖ ਲਏ। ਜੱਸੋਵਾਲ ਸਾਹਬ ਕਹਿੰਦੇ ਲਿਆ ਵਿਖਾ। ਨਾਮ ਪੜ੍ਹ ਕੇ ਜੱਸੋਵਾਲ ਸਾਹਬ ਹੱਸ ਕੇ ਕਹਿੰਦੇ ਪਤੰਦਰਾਂ ਨਾ ਤੂੰ ਤਿੰਨਾਂ 'ਚ ਨਾ ਤੇਰਾਂ 'ਚ 'ਤੇ ਗੱਲਾਂ ਕਰਦਾਂ ਸਨਮਾਨ ਦੀਆਂ। ਕਿਉਂਕਿ ਉਸ ਨੇ ਮੇਰੇ ਵਰਗੇ ਨੇ ਆਪਣਾ ਨਾਮ ਨਾ ਤਿੰਨ ਗਾਇਕਾਂ 'ਚ ਲਿਖਿਆ ਸੀ ਅਤੇ ਨਾ ਤੇਰਾਂ ਗੀਤਕਾਰਾਂ 'ਚ।



ਪਰ ਜਦ ਪ੍ਰਮਾਤਮਾ ਦੀ ਕ੍ਰਿਪਾ ਹੋਵੇ ਤਾਂ ਉਹ ਆਪੇ ਲਿਖ ਦਿੰਦਾ ਨਾਮ। ਵਾਹਿਗੁਰੂ ਦੀ ਕ੍ਰਿਪਾ ਸਦਕਾ ਅੱਜ ਮੇਰਾ ਨਾਮ ਵੀ ਸੰਤ ਬਾਬਾ ਅਤਰ ਸਿੰਘ ਯਾਦਗਾਰੀ ਸਾਹਿਤਕ ਟਰੱਸਟ, ਘੁੰਨਸ ਵੱਲੋਂ ਸਨਮਾਨਿਤ ਕੀਤੇ ਬਵੰਜਾ ਕਵੀਆਂ ਦੀ ਸੂਚੀ ਵਿੱਚ ਆ ਗਿਆ। ਪਿੰਡ ਘੁੰਨਸ ਵਿਖੇ ਸਸ਼ੋਭਿਤ ਗੁਰਦੁਆਰਾ ਤਪ ਅਸਥਾਨ ਸੰਤ ਬਾਬਾ ਅਤਰ ਸਿੰਘ ਘੁੰਨਸ ਵਿਖੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਅਤੇ ਪਵਿੱਤਰ ਹਜ਼ੂਰੀ 'ਚ ਕਰਵਾਏ ਬਵੰਜਾ ਪੰਜਾਬੀ ਕਵੀਆਂ ਦੇ ਸਨਮਾਨ ਸਮਾਗਮ ਦੌਰਾਨ ਪੰਜਾਬ ਸਰਕਾਰ ਦੇ ਸਾਬਕਾ ਸੰਸਦੀ ਸਕੱਤਰ ਅਤੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਤ ਬਲਵੀਰ ਸਿੰਘ ਘੁੰਨਸ, ਕਹਾਣੀਕਾਰ ਵਰਿਆਮ ਸਿੰਘ ਸੰਧੂ, ਡਾ. ਲਖਵਿੰਦਰ ਸਿੰਘ ਜੌਹਲ, ਜਥੇਦਾਰ ਬਲਦੇਵ ਸਿੰਘ ਚੂੰਘਾਂ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮਾਸਟਰ ਹਰਬੰਸ ਸਿੰਘ ਸ਼ੇਰਪੁਰ, ਸ. ਬੂਟਾ ਸਿੰਘ ਚੌਹਾਨ ਅਤੇ ਹੋਰ ਸ਼ਖ਼ਸੀਅਤਾਂ ਵੱਲੋਂ ਸਨਮਾਨ ਚਿੰਨ੍ਹ, ਰਾਸ਼ੀ ਅਤੇ ਲੋਈ ਨਾਲ ਮਾਣ ਬਖਸ਼ਿਆ ਗਿਆ। ਟਰੱਸਟ ਦੇ ਚੇਅਰਮੈਨ ਅਤੇ ਸਮੂਹ ਅਹੁਦੇਦਾਰਾਂ ਦਾ ਬਹੁਤ ਬਹੁਤ ਧੰਨਵਾਦ।

**ਬਿੰਦਰ ਸਿੰਘ ਖੁੱਡੀ ਕਲਾਂ।**

# ਪਗਫੇਰਾ (ਕਹਾਣੀ)



ਐਂਕਲ ਮੇਰਾ ਵਿਆਹ ਹੋ ਗਿਆ।" ਅਚਾਨਕ ਆਏ ਫੋਨ ਚੋ ਆਵਾਜ਼ ਆਈ।

"ਕਦੋਂ?????" ਮੈਂ ਖੁਸ਼ੀ ਨਾਲ ਉਛੱਲ ਕੇ ਪੁੱਛਿਆ।

"ਪਿਛਲੇ ਹਫਤੇ। ਕਾਹਦਾ ਵਿਆਹ ਸੀ। ਗੁਰਦੁਆਰੇ ਬਸ ਮੇਰੀ ਮਾਂ ਹੀ ਆਈ ਸੀ ਕੱਲੀ, ਪੱਲਾ ਫੜਾਉਣ। ਹੋਰ ਕੋਈ ਨਹੀਂ ਆਇਆ। ਦੀਦੀ ਵੀ ਨਹੀਂ ਆਈ।" ਉਸਨੇ ਠੰਡਾ ਹੌਕਾ ਜਿਹਾ ਭਰਦੀ ਨੇ ਕਿਹਾ।

"ਚਲੋ ਵਧਾਈਆ ਹੋਣ ਬੇਟਾ। ਤੂੰ ਮੋਰਚਾ ਜਿੱਤ ਲਿਆ।" ਮੈਂ ਉਸਨੂੰ ਹੌਂਸਲਾ ਦਿੱਤਾ। ਹਾਂ ਇਹ ਨਿਸ਼ਾ ਦਾ ਫੋਨ ਸੀ ਜੋ ਸਾਡੇ ਘਰ ਦੇ ਨੇੜੇ ਹੀ ਕਿਸੇ ਬੂਟੀਕ ਤੇ ਕੰਮ ਕਰਦੀ ਸੀ। ਭਾਵੇ ਉਸ ਨੇ ਪਲੱਸ ਟੂ ਕੀਤੀ ਹੋਈ ਸੀ ਤੇ ਹੁਣ ਪ੍ਰਾਈਵੇਟ ਬੀ ਕਾਮ ਕਰ ਰਹੀ ਸੀ। ਉਸੇ ਬੂਟੀਕ ਤੇ ਹੀ ਇੱਕ ਸੰਨੀ ਨਾਮ ਦਾ ਮੁੰਡਾ ਕਿਸ਼ਤ ਲੈਣ ਆਉਂਦਾ ਹੁੰਦਾ ਸੀ। ਸ਼ਾਇਦ ਉਹ ਕਿਸੇ ਕਮੇਟੀ ਪਾਉਣ ਵਾਲੇ ਦਾ ਕਰਿੰਦਾ ਸੀ। ਬੂਟੀਕ ਵਾਲੀ ਅੰਟੀ ਰੋਜ ਦੀ ਪੰਜ ਸੌ ਦੀ ਕਮੇਟੀ ਪਾਉਂਦੀ ਹੁੰਦੀ ਸੀ। ਕਈ ਵਾਰ ਅੰਟੀ ਕੋਲ ਪੰਜ ਸੌ ਰੁਪਈਆ ਵੀ ਇਕੱਠਾ ਨਾ ਹੁੰਦਾ ਤੇ ਅੰਟੀ ਉਸ ਨੂੰ ਦੁਬ-ਾਰਾ ਆਉਣ ਦਾ ਕਹਿ ਦਿੰਦੀ। ਜੀ ਕਹਿ ਕੇ ਸੰਨੀ ਚਲਾ ਜਾਂਦਾ ਤੇ ਦਿੱਤੇ ਸਮੇਂ ਤੇ ਦੁਬਾਰਾ ਆ ਜਾਂਦਾ। ਕਈ ਵਾਰੀ ਅੰਟੀ ਨਿਸ਼ਾ ਨੂੰ ਕੈਸ਼ ਬਾਕਸ ਚੋਂ ਕਿਸ਼ਤ ਦੇਣ ਲਈ ਕਹਿੰਦੀ। ਨਿਸ਼ਾ ਉਸ ਵੱਲ ਟੇਡਾ ਟੇਡਾ ਝਾਕਦੀ। ਸੰਨੀ ਨੂੰ ਵੀ ਨਿਸ਼ਾ ਵਧੀਆ ਲਗਦੀ। ਬੂਟੀਕ ਅੰਦਰ ਵੜਦੇ ਹੀ ਸੰਨੀ ਦਾ ਚੇਹਰਾ ਖਿੜ ਜਾਂਦਾ। ਹੁਣ ਸਾਰਾ ਦਿਨ ਨਿਸ਼ਾ ਵੀ ਸੰਨੀ ਨੂੰ ਉਡੀਕਦੀ ਰਹਿੰਦੀ। ਜਿਸ ਦਿਨ ਕਿਸੇ ਮਜਬੂਰੀ ਕਾਰਨ ਸੰਨੀ ਨਾ ਆਉਂਦਾ ਤਾਂ ਉਹ ਸ਼ਾਮ ਤੱਕ ਦੂਰ ਸੜਕ ਵੱਲ ਝਾਕਦੀ ਰਹਿੰਦੀ। ਇਸ ਤਰਾਂ ਜਿਸ ਦਿਨ ਸੰਨੀ ਨੂੰ ਨਿਸ਼ਾ ਨਾ ਮਿਲਦੀ ਯ ਓਹੁ ਛੁੱਟੀ ਤੇ ਹੁੰਦੀ ਤਾਂ ਸੰਨੀ ਨੂੰ ਲਗਦਾ ਉਸਦਾ ਗੇੜਾ ਐਵੇਂ ਹੀ ਗਿਆ। ਭਾਵੇਂ ਉਹਨਾਂ ਦੀ ਕਦੇ ਆਪਸ ਵਿਚ ਗਲਬਾਤ ਨਹੀਂ ਸੀ ਹੋਈ। ਪਰ ਇੱਕ ਦੂਜੇ ਵੱਲ ਖਿੱਚ ਬਰਕਰਾਰ ਸੀ। ਸੰਨੀ ਬਹੁਤ ਸ਼ਰੀਫ ਲੜਕਾ ਸੀ। ਉਹ ਕਦੇ ਪਿਆਰ ਪਿਊਰ ਦੇ ਚੱਕਰ ਚ ਨਹੀਂ ਸੀ ਪਿਆ। ਨਿਸ਼ਾ ਤੇਜ਼ ਸੀ ਭਾਵੇਂ ਪਰ ਉਹ ਦੇਖਣ ਵਿਚ ਜੁਆਕੜੀ ਜਿਹੀ ਲਗਦੀ ਸੀ। ਨਾਲੇ ਇੱਕ ਕੁੜੀ ਪਹਿਲ ਵੀ ਤਾਂ ਨਹੀਂ ਸੀ ਕਰ ਸਕਦੀ। ਨਿਸ਼ਾ ਦੀ ਇੱਕ ਵੱਡੀ ਭੈਣ ਵੀ ਸੀ ਜੋ ਥੋੜੇ ਗਰਮ ਸੁਭਾਅ ਦੀ ਸੀ। ਉਹ ਵੀ ਪ੍ਰਾਈਵੇਟ ਨੌਕਰੀ ਕਰਦੀ ਸੀ। ਉਸਦੇ ਪਾਪਾ ਕਾਫੀ ਬਜ਼ੁਰਗ ਸਨ। ਜੋ ਦਮੇ ਦੇ ਮਰੀਜ਼ ਸਨ ਤੇ ਅਕਸ਼ਰ ਮੰਜੇ ਤੇ ਹੀ ਪਏ ਰਹਿੰਦੇ ਸਨ। ਮੈਂ ਜਦੋਂ ਵੀ ਮੈਡਮ ਨਾਲ ਉਸ ਬੂਟੀਕ ਤੇ ਜਾਂਦਾ ਨਿਸ਼ਾ ਨਾਲ ਚਾਰ ਗੱਲਾਂ ਜਰੂਰ ਕਰਦਾ। ਨਿਸ਼ਾ ਵੀ ਐਂਕਲ ਐਂਕਲ ਆਖਕੇ ਮੇਰੇ ਨਾਲ ਸਾਰੀਆਂ ਗੱਲਾਂ ਕਰ ਲੈਂਦੀ। ਸੋਹਣੀ ਤਾਂ ਸੀ ਹੀ ਨਿਸ਼ਾ ਉਂਜ ਮਿਲਾਪੜੀ ਵੀ ਸੀ। ਹੁਣ ਉਹ ਆਪਣੀ ਅੰਟੀ ਨਾਲ ਵੀ ਖੂਬ ਗੱਲਾਂ ਕਰਦੀ। ਇਸ ਤਰਾਂ ਸਾਡੀ ਦੋਹਾਂ ਦੀ ਉਸ-ਨਾਲ ਨੇੜਤਾ ਵਧਦੀ ਗਈ। ਹੋਲੀ ਹੋਲੀ ਸਾਨੂੰ ਨਿਸ਼ਾ ਦੀ ਪ੍ਰੇਮ ਕਹਾਣੀ ਦਾ ਪਤਾ ਲੱਗ ਗਿਆ। ਨਿਸ਼ਾ ਨਾਲਦੇ ਪਿੰਡ ਚੋ ਜਾਟ ਪਰਿਵਾਰ ਚੋ ਸੀ। ਭਾਵੇ ਘਰ ਗਰੀਬ ਸੀ ਪਰ ਰੱਬ ਨੇ ਹੁਸਨ ਕਮਾਲ ਦਾ ਦਿੱਤਾ ਸੀ। ਸਧਾਰਨ ਕੱਪੜਿਆਂ ਵਿੱਚ ਉਹ ਬਹੁਤ ਫੱਬਦੀ। ਸ਼ਾਇਦ ਬੂਟੀਕ ਚ ਕੰਮ ਕਰਨ ਕਰਕੇ ਉਸਨੂੰ ਤਹਿਜ਼ੀਬ ਆ ਗਈ ਸੀ। ਉਸਦਾ ਗਲਬਾਤ ਕਰਨ ਦਾ ਸਲੀਕਾ ਹਰੇਕ ਨੂੰ ਪ੍ਰਭਾਵਿਤ ਕਰਦਾ। ਉਸਦੇ ਕੋਈ ਭਰਾ ਨਹੀਂ ਸੀ। ਬਹੁਤੇ ਵਾਰੀ ਉਹ ਮੁੰਡਿਆਂ ਵਾਂਗੂ ਗੱਲਾਂ ਕਰਦੀ।

"ਮੈਂ ਪਾਪਾ ਨੂੰ ਬਹੁਤ ਪਿਆਰ ਕਰਦਾ ਹਾਂ। ਮੈਂ ਕੁਝ ਬਣਕੇ ਦਿਖਾਵਾਂਗਾ। ਐਂਕਲ ਸੰਨੀ ਬਹੁਤ ਚੰਗਾ ਮੁੰਡਾ ਹੈ।ਮੈਨੂੰ ਸਾਰੀ ਜਿੰਦਗੀ ਖੁਸ਼ ਰਖੂ।" ਵਗੈਰਾ ਵਗੈਰਾ। ਸੰਨੀ ਉੱਚੇ ਲੰਬੇ ਕੱਦ ਦਾ ਗੋਰਾ ਨਿਛੋਹ ਸੁਨਿਆਰਾਂ ਦਾ ਮੁੰਡਾ ਸੀ। ਭਾਵੇਂ ਪੜ੍ਹਿਆ ਥੋੜਾ ਘੱਟ ਸੀ ਪਰ ਇਮਾਨਦਾਰ ਸੀ ਤੇ ਮਿਹਨਤ ਨਾਲ ਚੰਗੀ ਕਮਾਈ ਕਰ ਲੈਂਦਾ ਸੀ। ਉਂਜ ਉਹ ਘਰੋਂ ਵੀ ਠੀਕ ਸੀ। ਉਸਦੇ ਮਾਪਿਆਂ ਨੇ ਆਪਣੇ ਮੁੰਡੇ ਖਾਤਿਰ ਇਸ ਰਿਸ਼ਤੇ ਲਈ ਹਰ ਸੰਭਵ ਕੋਸ਼ਿਸ਼ ਕੀਤੀ। ਪਰ "ਕੋ ਨਾ ਮਾਨੂੰ" ਵਾਲੀ ਗੱਲ ਰਹੀ। ਮੁੰਡਾ ਤੇ ਕੁੜੀ ਆਪਣੀ ਗੱਲ ਤੇ ਬਜ਼ਿਦ ਸਨ। ਕਈ ਮਹੀਨੇ ਸ਼ਹਿਰ ਤੇ ਪਿੰਡ ਦੇ ਮੋਹਤਵਰ ਬੰਦੇ ਜ਼ੋਰ ਲਾਉਂਦੇ ਰਹੇ ਪਰ ਗੱਲ ਸਿਰੇ ਨਾ ਚੜੀ। ਮਤਲਬ ਵਿਆਹ ਦੀ ਤਰੀਖ ਅੱਗੇ ਪੈਂਦੀ ਰਹੀ।

ਅੱਜ ਆਏ ਇਸ ਫੋਨ ਨਾਲ ਮੈਨੂੰ ਵੀ ਸੁਖ ਦਾ ਸਾਂਹ ਆਇਆ। ਚਾਹੇ ਉਹ ਸਾਡੇ ਕੁਝ ਨਹੀਂ ਸੀ ਲਗਦੇ ਪਰ ਉਹਨਾਂ ਦੇ ਵਿਆਹ ਦੀ ਚਿੰਤਾ ਜਿਹੀ ਤਾਂ ਸਾਨੂੰ ਵੀ ਸੀ। ਉਸੇ ਵੇਲੇ ਹੀ ਮੈਂ ਮੈਡਮ ਨੂੰ ਦੱਸਿਆ। ਉਸ ਦਾ ਚੇਹਰਾ ਵੀ ਖਿੜ ਗਿਆ।

"ਆਪਾਂ ਸ਼ਾਮੀ ਉਸਨੂੰ ਮਿਲਕੇ ਆਵਾਂਗੇ।" ਗੋਡਿਆਂ ਦੇ ਦਰਦ ਨਾਲ ਹਾਏ ਹਾਏ ਕਰਦੀ ਨੇ ਮੈਨੂੰ ਕਿਹਾ। ਸ਼ਾਮ ਜਿਹੀ ਨੂੰ ਉਹ ਜਾਣ ਦੇ ਹੌਂਸਲੇ ਨਾਲ ਨਹਾ ਵੀ ਲਈ। ਤੇ ਘਰੇ ਪਿਆ ਇੱਕ ਗਿਫਟ ਵੀ ਚੁੱਕ ਲਿਆ। ਅਖੇ ਰਸਤੇ ਵਿਚੋਂ ਪੈਕ ਕਰਵਾ ਲਵਾਂਗੇ। ਸ਼ਾਮ ਨੂੰ ਅਸੀਂ ਬੂਟੀਕ ਗਏ ਤੇ ਸਾਨੂੰ ਨਿਸ਼ਾ ਬਹੁਤ ਖੁਸ਼ ਹੋਕੇ ਮਿਲੀ ਮੈਡਮ ਨੇ ਉਸਨੂੰ ਆਪਣੇ ਕਲਾਵੇਂ ਵਿਚ ਲੈ ਲਿਆ ਤੇ ਖੂਬ ਪਿਆਰ ਦਿੱਤਾ। ਦੋਹਾਂ ਦੀਆਂ ਅੱਖਾਂ ਵਿੱਚ ਹੰਝੂ ਸਨ। ਲਾਲ ਚੂੜੇ ਤੇ ਹਲਕੇ ਜਿਹੇ ਮੇਕਅਪ ਵਿਚ ਉਹ ਬਹੁਤ ਸੋਹਣੀ ਲੱਗ ਰਹੀ ਸੀ। ਉਸਦੀਆਂ ਗੱਲਾਂ ਤੇ ਚੇਹਰੇ ਵਿਚੋਂ ਖੁਸ਼ੀ ਡੁੱਲ ਡੁੱਲ ਪੈਂਦੀ ਸੀ। ਬੰਦਾ ਗਰੀਬ ਹੋਵੇ ਯ ਅਮੀਰ ਵਿਆਹ ਦੀ ਖੁਸ਼ੀ ਤਾਂ ਹੁੰਦੀ ਹੀ ਹੈ ਤੇ ਜੇ ਵਿਆਹ ਮਨਚਾਹੀ ਜਗ੍ਹਾ ਤੇ ਹੋ ਜਾਂਵੇ ਤਾਂ ਰੂਪ ਵੀ ਦੂਣਾ ਚੜਦਾ ਹੈ। ਉਸਨੇ ਸਾਨੂੰ ਕੌਫੀ ਪਿਆਈ। ਮੈਡਮ ਨੇ ਮੈਨੂੰ ਬਿਨਾਂ ਪੁੱਛੇ ਹੀ ਉਸਨੂੰ ਘਰੇ ਆਉਣ ਦਾ ਨਿਉਤਾ ਦਿੱਤਾ।

"ਅੰਟੀ ਮੈਂ ਜਰੂਰ ਆਵਾਂਗੀ। ਹੁਣ ਤੁਸੀਂ ਹੀ ਮੇਰੇ ਮਾਪਿਆਂ ਦੀ ਜਗ੍ਹਾ ਹੋ। ਤੁਸੀਂ ਮੇਰੇ ਸਿਰ ਤੇ ਹੱਥ ਰਖਿਓ। ਆਪਣਾ ਪਿਆਰ ਤੇ ਅਸ਼ੀਰਵਾਦ ਦਿੰਦੇ ਰਿਹੋ।" ਤੇ ਉਸ ਦੀਆਂ ਅੱਖਾਂ ਫਿਰ ਛਲਕ ਆਈਆਂ।

"ਜਰੂਰ ਬੇਟਾ ਜਰੂਰ।" ਮੈਡਮ ਤੋਂ ਵੀ ਗੱਲ ਨਾ ਹੋਈ। ਤੇ ਮਨ ਮੇਰਾ ਵੀ ਭਰ ਆਇਆ।

ਦੋ ਕੁ ਦਿਨਾਂ ਬਾਅਦ ਹੀ ਮੈਂ ਮੈਡਮ ਦੇ ਕਹਿਣ ਤੇ ਫੋਨ ਤੇ ਹੀ ਉਹਨਾਂ ਨੂੰ ਆਉਣ ਦਾ ਸੱਦਾ ਦੇ ਦਿੱਤਾ। ਸ਼ਾਮੀ ਸੱਤ ਕੁ ਵਜੇ ਉਹ ਦੋਵੇਂ ਜੀਅ ਬਹੁਤੀ ਨਾ ਨੁੱਕਰ ਕੀਤੇ ਬਿਨਾਂ ਹੀ ਆ ਗਏ। ਛੋਟੀ ਬੇਟੀ ਪ੍ਰਤਿਮਾ ਤੇ ਬੇਟੇ ਨੇ ਉਹਨਾਂ ਦੀ ਖੂਬ ਸੇਵਾ ਕੀਤੀ। ਬਾਹਰ ਬੈਠੀ ਵੱਡੀ ਬੇਟੀ ਗਗਨ ਨਾਲ ਵੀ ਉਸ ਦੀ ਫੋਨ ਤੇ ਗੱਲ ਕਰਵਾਈ ਗਈ।

" ਮੰਮੀ ਜੇ ਬੁਲਾਇਆ ਹੀ ਹੈ ਤਾਂ ਇੱਕਲੀ ਚਾਹ ਪਿਲਾ ਕੇ ਨਾ ਤੋਰ ਦਿਓਂ। ਪਗਫ਼ੇਰੇ ਦੀਆਂ ਰਸਮਾਂ ਵੀ ਪੂਰੀਆਂ ਕਰਿਓ।" ਵੱਡੀ ਬੇਟੀ ਨੇ ਆਪਣੀ ਮੰਮੀ ਨੂੰ ਤਾਕੀਦ ਕੀਤੀ। ਮੈਡਮ ਨੇ ਆਪਣੀ ਅਲਮਾਰੀ ਚੋ ਨਿਸ਼ਾ ਨੂੰ ਇੱਕ ਸੂਟ ਤੇ ਸੰਨੀ ਨੂੰ ਪੈਂਟ ਸ਼ਰਟ ਦਿੱਤੀ। ਛੋਟੇ ਬੇਟੇ ਨੇ ਕੁਝ ਸ਼ਗਨ ਵੀ ਦੇ ਕੇ ਆਪਣਾ ਫਰਜ਼ ਨਿਭਾਇਆ। ਫਾਸਟ ਫੂਡ ਖਾ ਕੇ ਹੀ ਓਹਨਾ ਦਾ ਪੇਟ ਭਰ ਗਿਆ। ਸਾਡੇ ਬਹੁਤ ਜੋਰ ਲਾਉਣ ਤੇ ਵੀ ਉਹਨਾਂ ਇੱਕ ਫੁਲਕਾ ਵੀ ਨਹੀਂ ਖਾਧਾ। ਮੈਡਮ ਨੇ ਮਾਂ ਦਾ ਫਰਜ਼ ਨਿਭਾਉਂਦੇ ਹੋਏ ਖਾਣਾ ਟਿਫ਼ਨ ਵਿਚ ਪੈਕ ਕਰਕੇ ਨਾਲ ਦੇ ਦਿੱਤਾ। ਜਿਵੇਂ ਕਈ ਵਾਰੀ ਉਸਦੀ ਮਾਂ ਸਾਨੂੰ ਆਉਂਦਿਆਂ ਨੂੰ ਦਿੰਦੀ ਹੁੰਦੀ ਸੀ। ਮੇਰੀ ਮਾਂ ਵੀ ਬਹੁਤ ਵਾਰੀ ਭੈਣ ਨੂੰ ਜਾਂਦੀ ਨੂੰ ਟਿਫ਼ਨ ਭਰਕੇ ਦਿੰਦੀ। ਸ਼ਾਇਦ ਸਾਰੀਆਂ ਮਾਵਾਂ ਨੂੰ ਇਹ ਸਿਖਲਾਈ ਗੁੜਤੀ ਵਿੱਚ ਹੀ ਮਿਲੀ ਹੁੰਦੀ ਹੈ।ਓਹਨਾ ਦੇ ਜਾਣ ਤੋਂ ਬਾਅਦ ਮੈਡਮ ਦਾ ਚੇਹਰਾ ਉਤਰਿਆ ਜਿਹਾ ਲੱਗਿਆ। ਜਿਵੇ ਕਹਿੰਦੇ ਹੁੰਦੇ ਹਨ ਯਾਰ ਇਓ ਕਿਓਂ ਬੈਠਾ ਹੈ ਜਿਵੇਂ ਕੁੜੀ ਤੋਰਕੇ ਆਇਆ ਹੋਵੇ। ਹਾਲ ਮੇਰਾ ਵੀ ਆਹੀ ਸੀ। ਧੀਆਂ ਤੋਰਨੀਆਂ ਕੋਈ ਸੁਖਲੀਆਂ ਨਹੀਂ। ਇਹ ਤਾਂ ਪਗ ਫੇਰਾ ਹੀ ਸੀ।



ਰਮੇਸ਼ ਸੇਠੀ ਬਾਦਲ
ਸਾਬਕਾ ਸੁਪਰਡੈਂਟ

# ਸੰਤਾਂ ਦੀ ਨਗਰੀ ਦਾ ਮਾਣ

ਅੱਠ ਪਹਿਰੇ ਵਾਹਿਗੁਰੂ ਦਾ ਸ਼ੁਕਰ ਮਨਾਵਾਂ,
ਸੰਤਾਂ ਦੀ ਨਗਰੀ 'ਚ ਮਾਣ ਮੈਂ ਪਾਵਾਂ।
ਬਵੰਜਾ ਕਵੀਆਂ ਦੇ ਨਾਲ ਮੇਰਾ ਨਾਮ ਆਇਆ,
ਘੁੰਨਸ ਦੀ ਧਰਤੀ 'ਤੇ ਸੀਸ ਝੁਕਾਵਾਂ।

ਅੰਮ੍ਰਿਤ ਵੇਲੇ ਗੁਰੂ ਦਾ ਜਸ ਗਾਵਾਂ,
ਧੰਨ ਗੁਰੂ ਗ੍ਰੰਥ ਸਾਹਿਬ ਅੱਗੇ ਸੀਸ ਝੁਕਾਵਾਂ।
ਤਪ ਅਸਥਾਨ ਸੰਤ ਅਤਰ ਸਿੰਘ ਵਾਲਾ,
ਉਸ ਦਰ ਤੋਂ ਮੈਨੂੰ ਸਨਮਾਨ ਮਿਲਾਇਆ।
ਅੱਠ ਪਹਿਰੇ ਵਾਹਿਗੁਰੂ ਦਾ ਸ਼ੁਕਰ ਮਨਾਵਾਂ।

ਚੜ੍ਹਦੇ ਸੂਰਜ ਮਿਹਨਤ ਮੇਰੀ ਬੋਲੇ,
ਬਿੰਦਰ ਖੁੱਡੀ ਕਲਾਂ ਵਾਲਾ ਸਭ ਨੇ ਤੋਲੇ।
ਤਿੰਨਾਂ 'ਚ ਵੀ ਸੀ ਤੇਰਾਂ 'ਚ ਵੀ ਆਇਆ,
ਜੋ ਸੁਪਨਾ ਦੇਖਿਆ ਸੀ ਉਹ ਸਭ ਕਰ ਵਿਖਾਇਆ।
ਅੱਠ ਪਹਿਰੇ ਵਾਹਿਗੁਰੂ ਦਾ ਸ਼ੁਕਰ ਮਨਾਵਾਂ।

ਦੁਪਹਿਰ ਵੇਲੇ ਸੰਗਤ ਸਜੀ ਭਾਰੀ,
ਸੰਤ ਬਲਵੀਰ ਸਿੰਘ ਘੁੰਨਸ ਅਗਵਾਈ ਸਾਰੀ।
ਵਰਿਆਮ ਸਿੰਘ ਸੰਧੂ, ਜੌਹਲ ਡਾਕਟਰ ਪਿਆਰਾ,
ਜਥੇਦਾਰ ਚੂੰਘਾਂ ਤੇ ਸ਼ੇਰਪੁਰ ਸਰਦਾਰਾ।
ਅੱਠ ਪਹਿਰੇ ਵਾਹਿਗੁਰੂ ਦਾ ਸ਼ੁਕਰ ਮਨਾਵਾਂ।

ਪਿਛਲੇ ਪਹਿਰ ਮੰਚ ਤੋਂ ਆਵਾਜ਼ ਆਈ,
ਸਨਮਾਨ ਚਿੰਨ੍ਹ ਰਾਸ਼ੀ ਤੇ ਲੋਈ ਫੜਾਈ।
ਬੂਟਾ ਸਿੰਘ ਚੌਹਾਨ ਖੜ੍ਹਾ ਮੁਸਕਾਇਆ,
ਟਰੱਸਟ ਵਾਲਿਆਂ ਪਿਆਰ ਵਰ੍ਹਾਇਆ।
ਅੱਠ ਪਹਿਰੇ ਵਾਹਿਗੁਰੂ ਦਾ ਸ਼ੁਕਰ ਮਨਾਵਾਂ।

ਸ਼ਾਮਾਂ ਪਈਆਂ ਯਾਦਾਂ ਜੁੜ ਗਈਆਂ,
ਕਲਮ ਦੀਆਂ ਰਾਤਾਂ ਸਭ ਸਫਲ ਹੋ ਗਈਆਂ।
ਜਿਹੜੇ ਕਹਿੰਦੇ ਸੀ "ਕਰ ਕੇ ਵਿਖਾ",
ਅੱਜ ਉਨ੍ਹਾਂ ਅੱਗੇ ਸਿਰ ਮੇਰਾ ਉੱਚਾ।
ਅੱਠ ਪਹਿਰੇ ਵਾਹਿਗੁਰੂ ਦਾ ਸ਼ੁਕਰ ਮਨਾਵਾਂ।

ਧੁੰਦਲਕੇ ਵੇਲੇ ਸ਼ੁਕਰਾਨਾ ਕਰਦਾ,
ਟਰੱਸਟ ਦੇ ਚੇਅਰਮੈਨ ਦਾ ਧੰਨਵਾਦ ਕਰਦਾ।
ਸਮੂਹ ਅਹੁਦੇਦਾਰਾਂ ਦਾ ਲੱਖ-ਲੱਖ ਸ਼ੁਕਰੀਆ,
ਜਿਨ੍ਹਾਂ ਮੇਰੀ ਕਲਮ ਨੂੰ ਮਾਣ ਬਖ਼ਸ਼ਿਆ।
ਅੱਠ ਪਹਿਰੇ ਵਾਹਿਗੁਰੂ ਦਾ ਸ਼ੁਕਰ ਮਨਾਵਾਂ।

ਰਾਤ ਪਈ ਅਰਦਾਸ ਕਰਾਂ ਮੈਂ,
ਪੰਜਾਬ ਪੰਜਾਬੀ ਤੇ ਪੰਜਾਬੀਅਤ ਲਈ ਜੀਵਾਂ ਮੈਂ।
ਸੰਤ ਬਾਬਾ ਅਤਰ ਸਿੰਘ ਅਸੀਸਾਂ ਦੇਣ,
ਕਲਮ ਮੇਰੀ ਸਦਾ ਸੱਚ ਹੀ ਲਿਖੇ।
ਅੱਠ ਪਹਿਰੇ ਵਾਹਿਗੁਰੂ ਦਾ ਸ਼ੁਕਰ ਮਨਾਵਾਂ।

ਅੱਧੀ ਰਾਤੀਂ ਨੀਂਦ ਨਾ ਆਵੇ,
ਖ਼ੁਸ਼ੀ ਦਾ ਚੰਨ ਚਾਨਣ ਪਾਵੇ।
ਵਾਹਿਗੁਰੂ ਤੇਰਾ ਲੱਖ-ਲੱਖ ਸ਼ੁਕਰ ਮਨਾ ਕੇ,
ਸੀਸ ਝੁਕਾਵਾਂ ਦਰ ਤੇ ਜਾ ਕੇ।
ਅੱਠ ਪਹਿਰੇ ਵਾਹਿਗੁਰੂ ਦਾ ਸ਼ੁਕਰ ਮਨਾਵਾਂ।

ਅੱਠ ਪਹਿਰੇ ਵਾਹਿਗੁਰੂ ਦਾ ਸ਼ੁਕਰ ਮਨਾਵਾਂ,
ਸੰਤਾਂ ਦੀ ਨਗਰੀ 'ਚ ਮਾਣ ਮੈਂ ਪਾਵਾਂ।
ਬਿੰਦਰ ਖੁੱਡੀ ਕਲਾਂ ਵਾਲਾ ਨਾਮ ਚਮਕਾਇਆ,
ਘੁੰਨਸ ਦੀ ਧਰਤੀ 'ਤੇ ਸੀਸ ਝੁਕਾਵਾਂ।




## — ਬਿੰਦਰ ਸਿੰਘ ਖੁੱਡੀ ਕਲਾਂ

# ਰਿਗਜ਼ ਇੰਟਰਨੈਸ਼ਨਲ ਸਕੂਲ,ਲੁਧਿਆਣਾ ਵਿੱਚ ਅਧਿਆਪਕ ਵਰਕਸ਼ਾਪ ਦਾ ਪ੍ਰੋਗਰਾਮ ਕਰਵਾਇਆ ਗਿਆ



**ਲੁਧਿਆਣਾ।** ਰਿਗਜ਼ ਇੰਟਰਨੈਸ਼ਨਲ ਸਕੂਲ ਵਿੱਚ ਪ੍ਰਿੰਸੀਪਲ ਸ਼੍ਰੀਮਤੀ ਰਿਚਾ ਗੋਇਲ ਜੀ ਵਲੋਂ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਪ੍ਰੇਰਿਤ ਕਰਨ ਲਈ ਹਮੇਸ਼ਾਂ ਯਤਨ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਅੱਜ 18 ਅਪ੍ਰੈਲ ਦਿਨ ਸ਼ਨੀਵਾਰ ਨੂੰ ਉਹਨਾਂ ਨੇ ਅਧਿਆਪਕਾਂ ਦੀ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ ਜਿਸ ਵਿੱਚ ਨਵੇਂ ਸੈਸ਼ਨ ਲਈ ਕਈ ਨਵੀਆਂ ਯੋਜਨਾਵਾਂ ਬਣਾਈਆਂ ਗਈਆਂ ਅਤੇ ਪੜ੍ਹਾਈ ਨੂੰ ਹੋਰ ਵਧੀਆ ਅਤੇ ਦਿਲਚਸਪ ਬਣਾਉਣ ਲਈ ਕਈ ਢੰਗ,ਤਰੀਕੇ ਸਮਝਾਏ ਗਏ।

ਜਿਵੇਂ ਕਿ ਸਾਨੂੰ ਸਭ ਨੂੰ ਪਤਾ ਹੈ ਕਿ ਅੱਜਕਲ੍ਹ ਬੱਚੇ ਮੋਬਾਇਲ ਫ਼ੋਨ ਵਿੱਚ ਇੰਨੇ ਰੁੱਝ ਗਏ ਹਨ ਕਿ ਉਹਨਾਂ ਦਾ ਸਰੀਰਕ ਅਤੇ ਮਾਨਸਿਕ ਥਕੇਵਾਂ ਵੱਧ ਗਿਆ ਹੈ। ਉਹਨਾਂ ਦਾ ਧਿਆਨ ਭਟਕ ਜਾਣ ਕਰਕੇ ਉਹ ਪੜ੍ਹਾਈ ਵਿੱਚ ਪੂਰਾ ਧਿਆਨ ਨਹੀਂ ਦਿੰਦੇ। ਇਸ ਲਈ ਮੈਡਮ ਰਿਚਾ ਗੋਇਲ ਜੀ ਨੇ ਅਧਿਆਪਕਾਂ ਨੂੰ ਕੁਝ ਸਰੀਰਕ ਅਤੇ ਮਾਨਸਿਕ ਖੇਡਾਂ ਸਿਖਾਈਆਂ ਜਿਸ ਨਾਲ ਪੜ੍ਹਾਈ ਦਾ ਥਕੇਵਾਂ ਨਹੀਂ ਹੋਵੇਗਾ ਤੇ ਬੱਚੇ ਖੇਡ-ਖੇਡ ਵਿੱਚ ਬਹੁਤ ਕੁਝ ਸਿੱਖ ਵੀ ਜਾਣਗੇ। ਸੋ ਇਹੋ ਜਿਹੇ ਯਤਨ ਹਰੇਕ ਸਕੂਲ ਵਿੱਚ ਹੋਣੇ ਚਾਹੀਦੇ ਹਨ।

ਕਹਿੰਦੇ ਹਨ ਕਿ ਪਾਣੀ ਜੇਕਰ ਇੱਕ ਥਾਂ ਖੜ੍ਹਾ ਹੋਵੇ ਤਾਂ ਉਸ ਵਿੱਚੋਂ ਬਦਬੂ ਆਉਣ ਲੱਗ ਜਾਂਦੀ ਹੈ ਤੇ ਜੇਕਰ ਨਿਰੰਤਰ ਵਹਿੰਦਾ ਰਹੇ ਤਾਂ ਸਾਫ਼ ਰਹਿੰਦਾ ਹੈ ਇਸੇ ਤਰ੍ਹਾਂ ਇਨਸਾਨ ਕੋਲ਼ ਭਾਵੇਂ ਜਿੰਨਾ ਮਰਜ਼ੀ ਗਿਆਨ ਹੋਵੇ ਪਰ ਜੇਕਰ ਉਹ ਸਮੇਂ ਦੇ ਨਾਲ ਕੁਝ ਨਵਾਂ ਨਹੀਂ ਸਿੱਖਦਾ ਤਾਂ ਉਸਦਾ ਗਿਆਨ ਬੇਹਾ ਹੋ ਜਾਂਦਾ ਹੈ। ਸੋ ਇਸੇ ਗੱਲ ਦਾ ਧਿਆਨ ਰੱਖ ਕੇ ਮੈਡਮ ਰਿਚਾ ਗੋਇਲ ਕੁਝ ਨਾ ਕੁਝ ਨਵਾਂ ਕਰਦੇ ਰਹਿੰਦੇ ਹਨ ਤੇ ਆਪਣੇ ਸੂਝਵਾਨ ਅਧਿਆਪਕਾਂ ਵਿੱਚ ਨਵਾਂ ਗਿਆਨ ਤੇ ਜੋਸ਼ ਭਰਦੇ ਰਹਿੰਦੇ ਹਨ। ਅਧਿਆਪਕਾਂ ਨੂੰ ਵੀ ਇਸ ਨਾਲ਼ ਉਤਸ਼ਾਹ ਮਿਲ਼ਦਾ ਹੈ ਅਤੇ ਉਹ ਤਰੋਤਾਜ਼ਾ ਹੋ ਜਾਂਦੇ ਹਨ।

ਮੈਂ ਸ਼੍ਰੀਮਤੀ ਰਿਚਾ ਗੋਇਲ ਜੀ ਨੂੰ ਇਹਨਾਂ ਸਾਰਥਕ ਤੇ ਸਫ਼ਲ ਕਾਰਜਾਂ ਵਧਾਈ ਦਿੰਦੀ ਹਾਂ। ਉੱਮੀਦ ਹੈ ਕਿ ਉਹ ਇਸੇ ਤਰ੍ਹਾਂ ਹੋਰ ਵੀ ਪ੍ਰਯੋਗਸ਼ਾਲਾਵਾਂ ਕਰਦੇ ਰਹਿਣਗੇ।

ਸ਼ੁੱਭ ਇੱਛਾਵਾਂ ਸਹਿਤ,

**ਮਨਜੀਤ ਕੌਰ ਧੀਮਾਨ,**
**ਸ਼ੇਰਪੁਰ, ਲੁਧਿਆਣਾ।**
**ਸੰ:9464633059**

## ਗੀਤ/ ਹਾਲ

ਮੈਂ ਹੁਣ ਦੁਨੀਆ ਦੇ ਹਾਲ ਨੂੰ, ਉਸ ਦੇ ਹੀ ਹਾਲ ਤੇ ਛੱਡ ਦਿੱਤਾ
ਉਹਨਾਂ ਲਈ ਗੁੰਝਲ ਸਵਾਲ ਬਣ , ਮੱਕੜ ਜਾਲ ਛੱਡ ਦਿਤਾ.
ਮੈਂ ਦੁਨੀਆ ਦੇ ਹਾਲ ਨੂੰ..........
ਮੇਰੇ ਨੰਗੇ ਪੈਰੀਂ ਜੋ ਚੁਭੇ ਸੀ , ਦੱਭ ਦੀਆਂ ਸੂਲਾਂ ਵਾਂਗ ਕਦੇ
ਲੋਹਾ ਬਣ ਬਣ ਚਿੰਬੜੇ , ਸੀ ਖਿਆਲਾਂ ਦੇ ਵੱਜ ਨਾਦ ਕਦੇ
ਪਾਸ਼ਾ ਉਸ ਦੀ ਸਤਰੰਜ ਦਾ, ਪਾ ਉਸ ਦੇ ਬਵਾਲ ਛੱਡ ਦਿੱਤਾ
ਮੈਂ ਦੁਨੀਆ ਦੇ ਹਾਲ ਨੂੰ..................
ਉਡਾ ਗਏ ਨੈਣੋਂ ਸਾਡੇ ਨੀਂਦਰਾਂ, ਖੋਹ ਕੇ ਸਕੂਨ ਰੂਹ ਦਾ
ਬੇਵਸ ਬੇਵਫ਼ਾ ਕਰ ਗਏ, ਹਾਲ ਬੇ-ਆਬਾਦ ਜਿਉਂ ਜੂਹ ਦਾ
ਕਾਇਨਾਤ ਦਾ ਗੀਤ ਹੋ ਕੇ, ਉਸਦਾ ਖਿਆਲ਼ ਛੱਡ ਦਿੱਤਾ
ਮੈਂ ਦੁਨੀਆ ਦੇ ਹਾਲ ਨੂੰ, .......... ...........
ਅਸਲ ਓਹ ਮੇਰੇ ਹੀ ਨਹੀਂ ਸਨ, ਰੋਇਆ ਮੈਂ ਜਿਹਨਾਂ ਲਈ
ਇਬਾਦਤ ਸਮਝਿਆ ਇਸ਼ਕ ਨੂੰ, ਮੋਇਆ ਮੈਂ ਜਿਹਨਾਂ ਲਈ
ਸੱਚ ਨੇ ਪਰਦਾ ਝੂਠ ਦਾ, ਉਠਾ ਕੇ ਕਮਾਲ ਛੱਡ ਦਿੱਤਾ
ਮੈਂ ਦੁਨੀਆ ਦੇ ਹਾਲ ਨੂੰ....... ..................
"ਰੇਤਗੜ੍ਹ " ਜ਼ਿੰਦਗੀ ਦੇ ਰੰਗ ਨੇ , ਲਕੀਰਾਂ ਰੱਬੀ ਸਾਜੀਆਂ
ਤੇਰੇ ਨਾ ਮੇਰੇ ਹੱਥ "ਬਾਲੀ", ਯਾਰ ਏਹੇ ਕਲਾ-ਬਾਜ਼ੀਆਂ
ਸਾਨੂੰ ਫ਼ੱਕਰ ਬਣਾ ਇਹਨਾਂ, ਜਵਾਂ ਕਰ ਕੰਗਾਲ਼ ਛੱਡ ਦਿਤਾ
ਮੈਂ ਦੁਨੀਆ ਦੇ ਹਾਲ ਨੂੰ.......



**ਬਲਜਿੰਦਰ ਸਿੰਘ "ਬਾਲੀ ਰੇਤਗੜ੍ਹ**
**94651- 29168**

# ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸਰੀ ਚ ਮਹਾਨ ਨਗਰ ਕੀਰਤਨ ਸਜਾਇਆ

**● 6 ਲੱਖ ਦੇ ਕਰੀਬ ਸੰਗਤਾਂ ਦੇ ਸ਼ਾਮਿਲ ਹੋਣ ਦਾ ਅਨੁਮਾਨ ● ਟਰੈਕਟਰ- ਟਰਾਲੀਆਂ ਨੇ ਸਿਰਜਿਆ ਪੰਜਾਬ ਵਰਗਾ ਮਾਹੌਲ!**












**ਸਰੀ ਚ ਸਜਾਏ ਗਏ ਨਗਰ ਕੀਰਤਨ ਦੀਆਂ ਵੱਖ ਵੱਖ ਤਸਵੀਰਾਂ।**

**ਵੈਨਕੂਵਰ, (ਮਲਕੀਤ ਸਿੰਘ)** – ਮਿੰਨੀ ਪੰਜਾਬ ਵਜੋਂ ਜਾਣੇ ਜਾਂਦੇ ਕਨੇਡਾ ਦੇ ਸਰੀ ਸ਼ਹਿਰ ਦੀ 128 ਸਟਰੀਟ ਤੇ ਸਥਿਤ ਗੁ: ਦਸ਼ਮੇਸ਼ ਦਰਬਾਰ ਤੋਂ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਅੱਜ ਇੱਕ ਮਹਾਨ ਨਗਰ ਕੀਰਤਨ ਸਜਾਇਆ ਗਿਆ ਜਿਸ ਵਿੱਚ ਵੱਡੀ ਗਿਣਤੀ ਚ ਸੰਗਤਾਂ ਨੇ ਸ਼ਮੂਲੀਅਤ ਕੀਤੀ ਅੱਜ ਸਵੇਰ ਵੇਲੇ ਗੁ ਸਾਹਿਬ ਤੋਂ ਗ੍ਰੰਥੀ ਸਿੰਘ ਵੱਲੋਂ ਅਰਦਾਸ ਕਰਨ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਛਤਰ ਛਾਇਆ ਹੇਠ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਚ ਆਰੰਭ ਹੋਇਆ ਇਹ ਨਗਰ ਕੀਰਤਨ ਆਪਣੇ ਤੈਅਸ਼ੁਦਾ ਰਸਤਿਆਂ ਰਾਹੀਂ ਹੁੰਦਾ ਹੋਇਆ ਸ਼ਾਮ ਨੂੰ ਗੁ: ਦਸ਼ਮੇਸ਼ ਦਰਬਾਰ ਸਾਹਿਬ ਵਿਖੇ ਸੰਪਨ ਹੋ ਗਿਆ

ਅੱਜ ਦੇ ਨਗਰ ਕੀਰਤਨ ਚ ਸ਼ਾਮਿਲ ਹੋਈਆਂ ਸੰਗਤਾਂ ਵੱਲੋਂ ਸਜਾਈਆ ਗਈਆਂ ਕੇਸਰੀ, ਨੀਲੀਆਂ ਦਸਤਾਰਾਂ ਅਤੇ ਦੁਪੱਟਿਆਂ ਦੀ ਬਹੁਤਾਤ ਨਾਲ ਸਮੁੱਚਾ ਮਾਹੌਲ ਖਾਲਸਾਈ ਰੰਗ ਚ ਰੰਗਿਆ ਨਜਰੀ ਆਇਆ ਇਸ ਦੇ ਨਾਲ ਨਾਲ ਵੱਖ-ਵੱਖ ਕਾਰੋਬਾਰੀ ਅਦਾਰਿਆਂ ਅਤੇ ਸਥਾਨਕ ਸਿੱਖ ਸੰਗਤਾਂ ਵੱਲੋਂ ਨਿਰਧਾਰਿਤ ਥਾਵਾਂ ਤੇ ਵੱਖ-ਵੱਖ ਪਕਵਾਨਾਂ ਦੇ ਅਟੁੱਟ ਲੰਗਰਾਂ ਦਾ ਕੀਤਾ ਗਿਆ ਇੰਤਜਾਮ ਵੀ ਸਲਾਹੁਣਯੋਗ ਸੀ ਨਗਰ ਕੀਰਤਨ ਦੌਰਾਨ ਵੱਖ-ਵੱਖ ਵਾਹਨਾਂ ਅਤੇ ਸੜਕ ਦੇ ਦੁਵੱਲੇ ਪਾਸੇ ਸਜਾਈਆਂ ਗਈਆਂ ਆਰਜੀ ਸਟੇਜਾਂ ਤੋਂ ਵੱਖ ਵੱਖ ਢਾਡੀ, ਕਵੀਸ਼ਰੀ ਅਤੇ ਕੀਰਤਨੀ ਜਥਿਆਂ ਤੋਂ ਇਲਾਵਾ ਵੱਖ-ਵੱਖ ਸਕੂਲਾਂ ਦੇ ਬੱਚਿਆ ਵੱਲੋਂ ਹਾਜ਼ਰ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਗਿਆ। ਪ੍ਰਬੰਧਕਾਂ ਵੱਲੋਂ ਸਮੁੱਚੇ ਨਗਰ ਕੀਰਤਨ ਦੇ ਰੂਟ ਅਤੇ ਹੋਰਨਾਂ ਪ੍ਰਬੰਧਾਂ ਨੂੰ ਬੜੇ ਸੁਚਾਰੂ ਢੰਗ ਨਾਲ ਨੇਪਰੇ ਚਾੜਨ ਲਈ ਵਿਆਪਕ ਇੰਤਜਾਮ ਕੀਤੇ ਗਏ ਸਨ, ਜਦਕਿ ਸਥਾਨਕ ਪੁਲਿਸ ਅਤੇ ਸਰੀ ਸਿਟੀ ਦੇ ਸਾਂਝੇ ਸਹਿਯੋਗ ਨਾਲ ਟ੍ਰੈਫਿਕ ਸੰਬੰਧੀ ਸਬੰਧੀ ਬਦਲਵੇਂ ਰੂਟਾਂ ਦਾ ਪ੍ਰਬੰਧ ਕੀਤਾ ਗਿਆ ਸੀ

ਸਿੱਖ ਸੰਗਤਾਂ ਵੱਲੋਂ ਦੁਨੀਆਂ ਭਰ ਚ ਸਜਾਏ ਜਾਂਦੇ ਵੱਡੇ ਨਗਰ ਕੀਰਤਨਾ ਵਿੱਚੋਂ ਸੰਗਤਾਂ ਦੇ ਵੱਡੇ ਇਕੱਠ ਵਜੋਂ ਜਾਣੇ ਜਾਂਦੇ ਇਸ ਮਹਾਨ ਨਗਰ ਕੀਰਤਨ ਚ ਤਕਰੀਬਨ 6 ਲੱਖ ਦੇ ਆਸ ਪਾਸ ਸੰਗਤਾਂ ਦੀ ਸਮੂਲੀਅਤ ਹੋਣੀ ਕਿਆਸੀ ਗਈ

ਅੱਜ ਦੇ ਇਸ ਨਗਰ ਕੀਰਤਨ ਚ ਜਿੱਥੇ ਕਿ ਗੁਆਂਢੀ ਮੁਲਕ ਅਮਰੀਕਾ ਅਤੇ ਹੋਰਨਾਂ ਦੇਸ਼ਾਂ ਤੋਂ ਵੀ ਪੁੱਜੀਆਂ ਸਿੱਖ ਸੰਗਤਾਂ ਨੇ ਹਾਜ਼ਰੀ ਭਰੀ ਉੱਥੇ ਸਿੱਖ ਸੰਗਤਾਂ ਤੋਂ ਇਲਾਵਾ ਦੂਸਰੇ ਭਾਈਚਾਰਿਆ ਦੇ ਲੋਕ ਵੀ ਇਸ ਨਗਰ ਕੀਰਤਨ ਚ ਹਾਜ਼ਰੀ ਭਰਦੇ ਨਜ਼ਰੀ ਆਏ ਟਰੈਕਟਰ ਟਰਾਲੀਆਂ ਦੀ ਸ਼ਮੂਲੀਅਤ ਨੇ ਸਿਰਜਿਆ ਪੰਜਾਬ ਵਰਗਾ ਮਾਹੌਲ!

ਅੱਜ ਦੇ ਇਸ ਨਗਰ ਕੀਰਤਨ ਚ ਸ਼ਾਮਿਲ ਟਰੈਕਟਰ - ਟਰਾਲੀਆਂ ਟਰੱਕਾਂ,ਜੀਬਾਂ ਅਤੇ ਮੋਟਰ ਸਾਈਕਲਾ ਦੇ ਕਾਫਲਿਆਂ ਨਾਲ ਇੱਕ ਤਰ੍ਹਾਂ ਨਾਲ ਪੰਜਾਬ ਦੇ ਕਿਸੇ ਧਾਰਮਿਕ ਮੇਲੇ ਵਰਗਾ ਮਾਹੌਲ ਸਿਰਜਿਆ ਨਜ਼ਰੀ ਆਇਆ ਇਸ ਮੌਕੇ ਤੇ ਸਰੀ ਸਿੱਖ ਮੋਟਰਸਾਈਕਲ ਕਲੱਬ ਦੇ ਮੈਂਬਰਾਂ ਵੱਲੋਂ ਆਪਣੇ ਮੋਟਰਸਾਈਕਲਾਂ ਸਮੇਤ ਕੀਤੀ ਗਈ ਸ਼ਮੂਲੀਅਤ ਵੀ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀ ਮਹਿਸੂਸ ਹੋਈ ਨਗਰ ਕੀਰਤਨ ਚ ਸ਼ਾਮਿਲ ਨਿਹੰਗ ਸਿੰਘਾਂ ਅਤੇ ਬੱਚਿਆਂ ਦੀਆਂ ਗਤਕਾ ਟੀਮਾਂ ਵੱਲੋਂ ਗਤਕੇ ਦੇ ਜੌਹਰ ਵਿਖਾ ਕੇ ਪੇਸ਼ ਕੀਤੇ ਗਏ ਜੁਗਾਂਜੂ ਦ੍ਰਿਸ਼ ਵੇਖਣ ਯੋਗ ਸਨ।

# ਅਗਨੀ – ਤੇਰੇ ਅਨੇਕ ਰੂਪ

ਅੱਗ ਭਾਵੇਂ ਦੋ ਅੱਖਰਾਂ ਦਾ ਸ਼ਬਦ ਹੈ, ਪਰ ਇਸ ਦੀ ਅਸਲੀਅਤ ਵਿੱਚ ਸਾਰਾ ਬ੍ਰਹਿਮੰਡ ਸਮਾਇਆ ਹੋਇਆ ਹੈ। ਅੱਗ ਚੰਗੀ ਵੀ ਹੈ ਅਤੇ ਮਾੜੀ ਵੀ। ਇਹ ਰੌਸ਼ਨੀ ਵੀ ਦਿੰਦੀ ਹੈ ਅਤੇ ਸਾੜ ਕੇ ਭਸਮ ਵੀ ਕਰ ਦਿੰਦੀ ਹੈ। ਇਸ ਦੇ ਜਲਵੇ ਹਰ ਥਾਂ, ਹਰ ਪਾਸੇ ਵੱਖ-ਵੱਖ ਰੂਪਾਂ ਵਿੱਚ ਵੇਖੇ ਜਾ ਸਕਦੇ ਹਨ। ਮੋਮਬੱਤੀ ਦੀ ਟਿਮਟਿਮਾਉਂਦੀ ਲਾਟ ਵਿੱਚ ਵੀ ਅੱਗ ਹੈ ਅਤੇ ਬਲਦੇ ਸੂਰਜ ਦੇ ਗੋਲੇ ਵਿੱਚ ਵੀ, ਜੋ ਸਾਰੇ ਸੰਸਾਰ ਨੂੰ ਰੌਸ਼ਨ ਕਰਦਾ ਹੈ। ਇਹ ਦੀਵੇ ਵਿੱਚ ਜਗਦੀ ਹੈ, ਭੱਠੀ ਵਿੱਚ ਦਹਿਕਦੀ ਹੈ। ਕਿਤੇ ਇਹ ਕੁੰਦਨ ਬਣਾਉਂਦੀ ਹੈ, ਕਿਤੇ ਵਿਨਾਸ਼ ਦਾ ਕਾਰਨ ਬਣਦੀ ਹੈ, ਤੇ ਕਿਤੇ ਸੁਆਹ ਕਰ ਦਿੰਦੀ ਹੈ। ਧਰਮ ਅਸਥਾਨਾਂ ਦੇ ਦੀਵਿਆਂ ਵਿੱਚ ਇਹ ਪਵਿੱਤਰ ਜੋਤ ਬਣਦੀ ਹੈ ਅਤੇ ਸਿਵੇ ਦੀ ਚਿਤਾ ਵਿੱਚ ਅੰਤਮ ਵਿਦਾਈ ਦਾ ਰੂਪ ਧਾਰ ਲੈਂਦੀ ਹੈ।

ਹਰ ਮਨੁੱਖ ਦੇ ਅੰਦਰ ਵੀ ਇੱਕ ਅੱਗ ਵਸਦੀ ਹੈ, ਜੋ ਲਹੂ ਦੀ ਗਤੀ ਵਾਂਗ ਜੀਵਨ ਨੂੰ ਚਲਾਉਂਦੀ ਹੈ। ਜੇ ਇਹ ਗਰਮੀ ਮਿਟ ਜਾਵੇ, ਤਾਂ ਮਨੁੱਖ ਬਰਫ਼ ਵਾਂਗ ਠੰਢਾ ਹੋ ਕੇ ਮੌਤ ਦਾ ਰੂਪ ਧਾਰ ਲੈਂਦਾ ਹੈ। ਇਹੀ ਅੱਗ ਮਨੁੱਖ ਦੇ ਅੰਦਰ ਨਫ਼ਰਤ, ਗੁੱਸੇ ਅਤੇ ਈਰਖਾ ਵਜੋਂ ਭੜਕਦੀ ਹੈ, ਪਰ ਇਹੀ ਅੱਗ ਪਿਆਰ, ਸੂਝ-ਬੂਝ, ਬੁੱਧੀ ਅਤੇ ਰੱਬੀ ਰੌਸ਼ਨੀ ਵਜੋਂ ਵੀ ਚਮਕਦੀ ਹੈ। ਸੂਰਜ ਵਿੱਚ ਬਲਦੀ ਅੱਗ ਸਾਰੇ ਸੰਸਾਰ ਨੂੰ ਜੀਵਨ ਦਿੰਦੀ ਹੈ ਅਤੇ ਸਾਡੀਆਂ ਅੱਖਾਂ ਦੀ ਰੌਸ਼ਨੀ ਦੇ ਪਿੱਛੇ ਵੀ ਕੋਈ ਅਦਿੱਖ ਅੱਗ ਦੀ ਚਮਕ ਲੁਕੀ ਹੋਈ ਹੈ।ਪਿਆਰ ਦੀ ਅੱਗ ਉਹ ਤਾਕਤ ਹੈ, ਜੋ ਨਵੀਂ ਰਚਨਾ ਨੂੰ ਜਨਮ ਦੇ ਸਕਦੀ ਹੈ। ਦਰਦ ਅਤੇ ਅਨੁਭਵ ਦੀ ਕੁਠਾਲੀ ਵਿੱਚ ਸੜ ਕੇ ਮਨੁੱਖ ਦੀ ਸੋਚ ਪੱਕੀ ਹੁੰਦੀ ਹੈ ਅਤੇ ਜੀਵਨ ਨੂੰ ਨਵਾਂ ਅਰਥ ਮਿਲਦਾ ਹੈ। ਹਰ ਭਾਵਨਾ ਇੱਕ ਅੱਗ ਹੈ—ਕੁਝ ਹੌਲੀ-ਹੌਲੀ ਗਰਮਾਹਟ ਦਿੰਦੀਆਂ ਹਨ, ਤੇ ਕੁਝ ਆਤਿਸ਼ਬਾਜ਼ੀ ਵਾਂਗ ਫਟ ਕੇ ਹਲਚਲ ਮਚਾ ਦਿੰਦੀਆਂ ਹਨ। ਨਫ਼ਰਤ ਅਤੇ ਗੁੱਸੇ ਦੀਆਂ ਅੱਗਾਂ ਨੂੰ ਸਿਰਫ਼ ਸਹਿਣਸ਼ੀਲਤਾ ਅਤੇ ਪਿਆਰ ਦੀ ਠੰਢਕ ਹੀ ਸ਼ਾਂਤ ਕਰ ਸਕਦੀ ਹੈ। ਮਨੁੱਖ ਦੇ ਪੇਟ ਵਿੱਚ ਵੀ ਇੱਕ ਅੱਗ ਬਲਦੀ ਹੈ—ਜੇ ਇਹ ਬੇਕਾਬੂ ਹੋ ਜਾਵੇ, ਤਾਂ ਸਰੀਰ ਨੂੰ ਨੁਕਸਾਨ ਪਹੁੰਚਾਉਂਦੀ ਹੈ; ਪਰ ਜੇ ਸੰਤੁਲਿਤ ਰਹੇ, ਤਾਂ ਭੋਜਨ ਨੂੰ ਪਚਾ ਕੇ ਜੀਵਨ ਲਈ ਊਰਜਾ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਅੱਗ ਸਾਨੂੰ ਸੰਜਮ ਅਤੇ ਸੰਤੁਲਨ ਦੀ ਸਿੱਖਿਆ ਦਿੰਦੀ ਹੈ।

ਅੱਗ ਇੱਕ ਮਹਾਨ ਜੀਵਤ ਸ਼ਕਤੀ ਹੈ। ਵੱਡੀਆਂ ਸ਼ਕਤੀਆਂ ਅਕਸਰ ਅੰਨ੍ਹੀਆਂ ਹੁੰਦੀਆਂ ਹਨ, ਪਰ ਅੱਗ ਪੂਰੀ ਤਰ੍ਹਾਂ ਅੰਨ੍ਹੀ ਨਹੀਂ। ਮਾਚਿਸ ਦੀ ਤੀਲੀ ਵਿੱਚ ਇਹ ਨਿਮਰ ਅਤੇ ਸੁੱਤੀ ਹੋਈ ਲੱਗਦੀ ਹੈ, ਪਰ ਰਗੜ ਖਾਣ ਨਾਲ ਅਸੀਮ ਊਰਜਾ ਵਜੋਂ ਪ੍ਰਗਟ ਹੋ ਜਾਂਦੀ ਹੈ। ਇਸ ਲਈ ਅੱਗ ਨੂੰ ਕਿਵੇਂ ਵਰਤਣਾ ਹੈ, ਇਹੀ ਜੀਵਨ ਦੀ ਸੱਚੀ ਕਲਾ ਹੈ।

ਬੰਬ ਵਿੱਚ ਲੁਕੀ ਅੱਗ ਵਿਨਾਸ਼ਕਾਰੀ ਤਾਕਤ ਰੱਖਦੀ ਹੈ, ਜਦਕਿ ਤਪੱਸਿਆ ਦੀ ਅੱਗ ਮਨੁੱਖ ਨੂੰ ਆਤਮਿਕ ਉੱਚਾਈਆਂ ਤੱਕ ਲੈ ਜਾਂਦੀ ਹੈ। ਕਈ ਸੂਫ਼ੀ ਤੇ ਸਾਧ ਇਸ ਅੱਗ ਵਿੱਚ ਸੜ ਕੇ ਪਰਮਾਤਮਾ ਦੀ ਪ੍ਰਾਪਤੀ ਕਰਦੇ ਹਨ। ਇਹੀ ਅੱਗ ਮੂਸਾ ਨੂੰ ਪੈਗ਼ੰਬਰੀ ਦੀ ਰੌਸ਼ਨੀ ਵੱਲ ਲੈ ਗਈ।

ਗਿਆਨ ਵੀ ਇੱਕ ਅੱਗ ਹੈ, ਜੋ ਮਨ ਅਤੇ ਆਤਮਾ ਨੂੰ ਪ੍ਰਕਾਸ਼ਮਾਨ ਕਰਦੀ ਹੈ। ਕਲਪਨਾ ਅਤੇ ਵਿਚਾਰਾਂ ਦੀ ਅੱਗ ਦੇ ਚਾਨਣ ਵਿੱਚ ਹੀ ਅਸੀਂ ਭੂਤਕਾਲ, ਵਰਤਮਾਨ ਅਤੇ ਅਦਿੱਖ ਭਵਿੱਖ ਨੂੰ ਸਮਝ ਸਕਦੇ ਹਾਂ। ਇਹ ਅੱਗ ਪ੍ਰਕਿਰਤੀ ਦਾ ਅਨਮੋਲ ਉਪਹਾਰ ਹੈ। ਗੁਰੂ ਸਾਹਿਬ ਵੀ ਫ਼ਰਮਾਉਂਦੇ ਹਨ—

"ਬਲਤੋ ਜਲਤੋ ਤਉਕਿਆ ਗੁਰ ਚੰਦਨੁ ਸੀਤਲਾਇਓ ॥"

ਅੱਜ ਦੇ ਯੁੱਗ ਵਿੱਚ, ਜਦੋਂ ਪਰਮਾਣੂ ਊਰਜਾ ਦਾ ਵਿਕਾਸ ਤੇਜ਼ੀ ਨਾਲ ਹੋ ਰਿਹਾ ਹੈ, ਇੱਕ ਗੰਭੀਰ ਸਵਾਲ ਸਾਡੇ ਸਾਹਮਣੇ ਖੜਾ ਹੈ—

ਕੀ ਮਨੁੱਖਤਾ ਇਸ ਅੱਗ ਨੂੰ ਸੰਜਮ ਵਿੱਚ ਰੱਖ ਸਕੇਗੀ, ਜਾਂ ਇਹ ਅੱਗ ਹੀ ਸਾਡੇ ਅਸਤਿਤਵ ਲਈ ਖਤਰਾ ਬਣ ਜਾਵੇਗੀ?

ਅੱਗ ਨੂੰ ਸਮਝਣਾ, ਇਸ ਨੂੰ ਸੰਤੁਲਿਤ ਰੱਖਣਾ—ਇਹੀ ਮਨੁੱਖੀ ਜੀਵਨ ਦੀ ਸੱਚੀ ਸਿਆਣਪ ਹੈ।



**ਸੁਰਜੀਤ ਸਿੰਘ ਭੁੱਲਰ**

# ਪੰਜਾਬੀ ਕਲਾ-ਜਗਤ ਦੀ ਮਜ਼ਬੂਤ ਪਛਾਣ ਸੁਨੀਤਾ ਧੀਰ

ਪੰਜਾਬੀ ਰੰਗਮੰਚ, ਟੈਲੀਵਿਜ਼ਨ ਅਤੇ ਸਿਨੇਮਾ ਦੇ ਵਿਸ਼ਾਲ ਅੰਬਰ ‘ਤੇ ਸੁਨੀਤਾ ਧੀਰ ਇੱਕ ਅਜਿਹਾ ਚਮਕਦਾ ਸਿਤਾਰਾ ਹੈ, ਜਿਨ੍ਹਾਂ ਦੀ ਰੌਸ਼ਨੀ ਪਿਛਲੇ ਪੰਜ ਦਹਾਕਿਆਂ ਤੋਂ ਕਲਾ-ਪ੍ਰੇਮੀਆਂ ਦੇ ਦਿਲਾਂ ਨੂੰ ਰੌਸ਼ਨ ਕਰਦੀ ਆ ਰਹੀ ਹੈ। 13 ਦਸੰਬਰ 1955 ਨੂੰ ਪੰਜਾਬ ਦੇ ਸ਼ਾਹੀ ਸ਼ਹਿਰ ਪਟਿਆਲਾ ਵਿਖੇ ਜਨਮੀ ਇਸ ਮਹਾਨ ਹਸਤੀ ਨੇ ਆਪਣੀ ਅਟੱਲ ਲਗਨ, ਮਿਹਨਤ ਅਤੇ ਕਲਾ ਪ੍ਰਤੀ ਨਿਸ਼ਠਾ ਨਾਲ ਇੱਕ ਵਿਲੱਖਣ ਅਤੇ ਮਜ਼ਬੂਤ ਪਛਾਣ ਬਣਾਈ ਹੈ। ਉਹ ਸਿਰਫ਼ ਇੱਕ ਕਾਬਲ ਅਦਾਕਾਰਾ ਹੀ ਨਹੀਂ, ਸਗੋਂ ਇੱਕ ਪ੍ਰੇਰਕ ਅਧਿਆਪਕਾ, ਦੂਰਅੰਦੇਸ਼ ਨਿਰਦੇਸ਼ਕਾ ਅਤੇ ਸੱਭਿਆਚਾਰਕ ਦੂਤ ਵੀ ਬਣੀ ਅਤੇ ਜਿਨ੍ਹਾਂ ਨੇ ਆਪਣੀ ਹਾਜ਼ਰੀ ਨਾਲ ਪੰਜਾਬੀ ਕਲਾ-ਜਗਤ ਨੂੰ ਅਨਮੋਲ ਯੋਗਦਾਨ ਦਿੱਤਾ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਉਨ੍ਹਾਂ ਦਾ ਬਹੁਤ ਗੂੜ੍ਹਾ ਰਿਸ਼ਤਾ ਰਿਹਾ ਜੋਕਿ ਉਨ੍ਹਾਂ ਦੇ ਸੇਵਾ ਮੁਕਤ ਹੋਣ (2020) ਤਕ ਚਲਿਆ। ਜਿੱਥੇ ਉਨ੍ਹਾਂ ਨੇ ਥੀਏਟਰ ਅਤੇ ਟੈਲੀਵਿਜ਼ਨ ਵਿਭਾਗ ਵਿੱਚ ਪ੍ਰੋਫੈਸਰ ਵਜੋਂ ਸੇਵਾ ਨਿਭਾਉਂਦਿਆਂ ਅਨੇਕਾਂ ਵਿਦਿਆਰਥੀਆਂ ਨੂੰ ਰੰਗਮੰਚ ਦੀਆਂ ਬਰੀਕੀਆਂ ਨਾਲ ਰੂਬਰੂ ਕਰਵਾਇਆ। ਆਰਟ ਅਤੇ ਕਲਚਰ ਫੈਕਲਟੀ ਦੀ ਡੀਨ ਅਤੇ ਯੂਥ ਵੈਲਫੇਅਰ ਵਿਭਾਗ ਦੀ ਡਾਇਰੈਕਟਰ ਵਜੋਂ ਉਨ੍ਹਾਂ ਨੇ ਸਿਰਫ਼ ਅਕਾਦਮਿਕ ਹੀ ਨਹੀਂ, ਸੰਗਠਨਾਤਮਕ ਅਤੇ ਪ੍ਰਸ਼ਾਸਕੀ ਖੇਤਰਾਂ ਵਿੱਚ ਵੀ ਆਪਣੀ ਕਾਬਲੀਅਤ ਦਾ ਲੋਹਾ ਮੰਨਵਾਇਆ।

ਅਭਿਨੈ ਦੇ ਮੰਚ ‘ਤੇ ਸੁਨੀਤਾ ਧੀਰ ਦਾ ਸਫ਼ਰ ਬੇਹੱਦ ਰੰਗੀਨ ਅਤੇ ਪ੍ਰਭਾਵਸ਼ਾਲੀ ਰਿਹਾ ਹੈ। “ਮਿਰਜ਼ਾ ਸਾਹਿਬਾਂ”, “ਮੁਕਤਾ ਧਾਰਾ” ਅਤੇ “ਸੱਸੀ ਪੁੰਨੂੰ” ਵਰਗੇ ਨਾਟਕਾਂ ਵਿੱਚ ਉਨ੍ਹਾਂ ਦੀ ਅਦਾਕਾਰੀ ਨੇ ਦਰਸ਼ਕਾਂ ਨੂੰ ਮੋਹ ਲਿਆ। ਬਲਵੰਤ ਗਾਰਗੀ ਅਤੇ ਰਬਿੰਦਰਨਾਥ ਟੈਗੋਰ ਵਰਗੇ ਮਹਾਨ ਸਾਹਿਤਕਾਰਾਂ ਦੀਆਂ ਰਚਨਾਵਾਂ ਵਿੱਚ ਅਭਿਨੈ ਕਰਨਾ, ਉਨ੍ਹਾਂ ਦੀ ਕਲਾ ਦੀ ਉੱਚਾਈ ਅਤੇ ਗਹਿਰਾਈ ਦਾ ਪ੍ਰਮਾਣ ਹੈ।

ਇਹੀ ਰੰਗਮੰਚੀ ਨਿਪੁੰਨਤਾ ਉਨ੍ਹਾਂ ਨੂੰ ਫ਼ਿਲਮਾਂ ਦੀ ਦੁਨੀਆ ਤਕ ਵੀ ਲੈ ਗਈ। ਪੰਜਾਬੀ ਸਿਨੇਮਾ ਦੀ ਪਹਿਲੀ ਰਾਸ਼ਟਰੀ ਅਵਾਰਡ ਜੇਤੂ ਫ਼ਿਲਮ “ਚੰਨ ਪਰਦੇਸੀ” (1981) ਵਿੱਚ ਉਨ੍ਹਾਂ ਦੀ ਭੂਮਿਕਾ ਨੇ ਫ਼ਿਲਮੀ ਕੈਰੀਅਰ ਨੂੰ ਅਡਿੱਗ ਬੁਨਿਆਦ ਦਿੱਤੀ।



ਸੁਨੀਤਾ ਧੀਰ

ਇਹ ਉਹ ਦੌਰ ਸੀ ਜਦੋਂ ਪੰਜਾਬੀ ਸਿਨੇਮਾ ਆਪਣੀ ਪਛਾਣ ਲਈ ਸੰਘਰਸ਼ ਕਰ ਰਿਹਾ ਸੀ ਅਤੇ ਸੁਨੀਤਾ ਧੀਰ ਵਰਗੇ ਕਲਾਕਾਰਾਂ ਨੇ ਇਸਨੂੰ ਨਵੀਂ ਦਿਸ਼ਾ ਅਤੇ ਮਜ਼ਬੂਤੀ ਬਖ਼ਸ਼ੀ।

“ਬਦਲਾ ਜੱਟੀ ਦਾ”, “ਸੁਬੇਦਾਰ” ਅਤੇ “ਵਿਸਾਖੀ” ਵਰਗੀਆਂ ਫ਼ਿਲਮਾਂ ਰਾਹੀਂ ਉਨ੍ਹਾਂ ਨੇ ਆਪਣੇ ਅਭਿਨੈ ਦਾ ਦਾਇਰਾ ਹੋਰ ਵੀ ਵਧਾਇਆ। ਸਮੇਂ ਦੇ ਨਾਲ ਕਦਮ ਮਿਲਾਉਂਦਿਆਂ, ਉਨ੍ਹਾਂ ਨੇ ਆਧੁਨਿਕ ਪੰਜਾਬੀ ਸਿਨੇਮਾ ਵਿੱਚ ਵੀ ਆਪਣੀ ਮਜ਼ਬੂਤ ਹਾਜ਼ਰੀ ਦਰਜ ਕਰਵਾਈ—“ਯਾਰਾਂ ਨਾਲ ਬਹਾਰਾਂ”, “ਦਿਲ ਆਪਣਾ ਪੰਜਾਬੀ”, “ਮੇਲ ਕਰਾ ਦੇ ਰੱਬਾ”, “ਜੱਟ ਐਂਡ ਜੂਲੀਅਟ”, “ਰੱਬ ਦਾ ਰੇਡੀਓ” ਅਤੇ “ਸਰਦਾਰ ਜੀ” ਵਰਗੀਆਂ ਹਿੱਟ ਫ਼ਿਲਮਾਂ ਵਿੱਚ ਉਨ੍ਹਾਂ ਦੀ ਅਦਾਕਾਰੀ ਨੇ ਹਰ ਪਾਤਰ ਨੂੰ ਜਿਉਂਦਾ ਕਰ ਦਿੱਤਾ। ਆਪਣੇ ਫ਼ਿਲਮੀ ਸਫ਼ਰ ਦੌਰਾਨ 60 ਤੋਂ ਵੱਧ ਫਿਲਮਾ 'ਚ ਕੰਮ ਕਰ ਚੁੱਕੇ ਸੁਨੀਤਾ ਧੀਰ ਦੀ ਖ਼ਾਸੀਅਤ ਇਹ ਰਹੀ ਕਿ ਉਹ ਹਰੇਕ ਕਿਰਦਾਰ ਵਿੱਚ ਰੂਹ ਫ਼ੂਕ ਦਿੰਦੇ ਹਨ।

ਟੈਲੀਵਿਜ਼ਨ ਦੇ ਖੇਤਰ ਵਿੱਚ ਵੀ ਉਨ੍ਹਾਂ ਨੇ ਆਪਣੀ ਵਿਲੱਖਣ ਛਾਪ ਛੱਡੀ। “ਸੁਪਨੇ ਤੇ ਪਰਛਾਵੇਂ” ਵਿੱਚ ਉਨ੍ਹਾਂ ਦੀ ਸੰਵੇਦਨਸ਼ੀਲ ਅਦਾਕਾਰੀ ਹੋਵੇ ਜਾਂ “ਪੀਲੇ ਪੱਤਿਆਂ ਦੀ ਦਾਸਤਾਨ”, “ਸਾਂਵਲੀ”, “ਸਫਰ” ਅਤੇ “ਜਵਾਰ ਭਾਟਾ” ਵਰਗੀਆਂ ਰਚਨਾਵਾਂ 'ਚ ਉਨ੍ਹਾਂ ਨੇ ਘਰੇਲੂ ਦਰਸ਼ਕਾਂ ਨਾਲ ਇੱਕ ਗਹਿਰਾ ਰਿਸ਼ਤਾ ਬਣਾਇਆ। “ਆਲ੍ਹਣਾ” ਅਤੇ “ਤੇਰਾ ਘਰ ਸੋ ਮੇਰਾ ਘਰ” ਵਰਗੀਆਂ ਟੈਲੀਫਿਲਮਾਂ ਵਿੱਚ ਉਨ੍ਹਾਂ ਦੇ ਕਿਰਦਾਰਾਂ ਨੇ ਦਿਲਾਂ ‘ਤੇ ਅਮਿਟ ਛਾਪ ਛੱਡੀ। “ਟੋਬਾ ਟੇਕ ਸਿੰਘ”, “ਰਿਣ ਪਿਤਰਾਂ ਦਾ”, “ਰਿਸ਼ਤੇ” ਅਤੇ “ਪਰਸਾ” ਵਰਗੀਆਂ ਪੇਸ਼ਕਾਰੀਆਂ ਰਾਹੀਂ ਉਨ੍ਹਾਂ ਨੇ ਸਮਾਜਿਕ ਹਕੀਕਤਾਂ ਨੂੰ ਜੀਵੰਤ ਰੂਪ ਦਿੱਤਾ।

ਇਸ ਤੋਂ ਇਲਾਵਾ ਦੂਰਦਰਸ਼ਨ ਤੇ “ਕੱਚ ਦੀਆਂ ਮੁੰਦਰਾਂ” ਅਤੇ “ਸਬਰੰਗ” ਵਰਗੇ ਕਾਰਜਕ੍ਰਮਾਂ ਦੀ ਸੰਚਾਲਨਾ ਕਰਦਿਆਂ ਜਿੱਥੇ ਉਨ੍ਹਾਂ ਨੇ ਆਪਣੀ ਬਹੁਪੱਖੀ ਪ੍ਰਤਿਭਾ ਨੂੰ ਨਵਾਂ ਆਕਾਰ ਦਿੱਤਾ, ਉਥੇ ਹੀ ਵੱਖ-ਵੱਖ ਟੀ. ਵੀ. ਚੈਨਲਾਂ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਲਈ ਕਈ ਡਾਕੂਮੈਂਟਰੀ ਫ਼ਿਲਮਾਂ ਦਾ ਵੀ ਨਿਰਮਾਣ ਕਰ ਟੈਲੀਵਿਜ਼ਨ ਰਾਹੀਂ ਆਪਣੀ ਪਛਾਣ ਨੂੰ ਹੋਰ ਵੀ ਦ੍ਰਿੜ ਕੀਤਾ।

ਨਿਰਦੇਸ਼ਕਾ ਵਜੋਂ ਵੀ ਸੁਨੀਤਾ ਧੀਰ ਨੇ ਰੰਗਮੰਚ ਨੂੰ ਨਵੀਆਂ ਸੋਚਾਂ ਨਾਲ ਜੋੜਿਆ। “ਕਣਕ ਦੀ ਬੱਲੀ”, “ਕੇਸਰੋ” ਅਤੇ “ਹਾੜ ਦਾ ਇੱਕ ਦਿਨ” ਵਰਗੇ ਨਾਟਕਾਂ ਦਾ ਨਿਰਦੇਸ਼ਨ ਕਰਕੇ ਉਨ੍ਹਾਂ ਨੇ ਪ੍ਰਯੋਗਸ਼ੀਲਤਾ ਅਤੇ ਨਵੀਂ ਦ੍ਰਿਸ਼ਟੀ ਨੂੰ ਮੰਚ ‘ਤੇ ਲਿਆਂਦਾ।

ਗ਼ੌਰਤਲਬ ਹੈ ਕਿ ਸੁਨੀਤਾ ਧੀਰ ਨੇ ਵਿਦੇਸ਼ੀ ਧਰਤੀ ‘ਤੇ ਵੀ ਆਪਣੀ ਕਲਾ ਦਾ ਜਾਦੂ ਬਖ਼ੂਬੀ ਬਿਖੇਰਿਆ। “ਲੂਣਾ” ਅਤੇ “ਕਰਮਾਂਵਾਲੀ” ਵਰਗੇ ਨਾਟਕਾਂ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਰਾਹੀਂ ਉਨ੍ਹਾਂ ਨੇ ਪਰਦੇਸ ਵੱਸਦੇ ਪੰਜਾਬੀਆਂ ਦੇ ਦਿਲਾਂ ਵਿੱਚ ਵੀ ਆਪਣੀ ਵਿਲੱਖਣ ਥਾਂ ਬਣਾਈ ਅਤੇ ਉਨ੍ਹਾਂ ਵਲੋਂ ਖੁੱਲ੍ਹ ਕੇ ਪ੍ਰਸ਼ੰਸਾ ਹਾਸਲ ਕੀਤੀ।

ਉਨ੍ਹਾਂ ਦੀ ਵਿਦਿਅਕ ਯਾਤਰਾ, ਜੋ ਉਨ੍ਹਾਂ ਦੀ ਕਲਾ ਨਾਲ ਕਦਮ ਮਿਲਾ ਕੇ ਚੱਲਦੀ ਹੈ, ਪ੍ਰੇਰਣਾ ਦਾ ਸਰੋਤ ਹੈ। ਐਮ.ਏ., ਪੀ.ਐਚ.ਡੀ. ਅਤੇ ਐਮ.ਫ਼ਿਲ. ਵਰਗੀਆਂ ਉੱਚ ਯੋਗਤਾਵਾਂ ਨੇ ਉਨ੍ਹਾਂ ਦੇ ਵਿਚਾਰਾਂ ਨੂੰ ਹੋਰ ਡੂੰਘਾਈ ਅਤੇ ਪਕੜ ਦਿੱਤੀ ਹੈ। “ਥੀਏਟਰ ਅਭਿਨੈ ਦੇ ਅੰਦਾਜ਼” ਵਰਗੀਆਂ ਮਹੱਤਵਪੂਰਨ ਕਿਤਾਬਾਂ ਅਤੇ ਕਈ ਖੋਜ ਪੇਪਰਾਂ ਰਾਹੀਂ ਉਨ੍ਹਾਂ ਨੇ ਰੰਗਮੰਚ ਦੇ ਗਿਆਨ-ਖਜ਼ਾਨੇ ਨੂੰ ਹੋਰ ਵੀ ਨਿਖਾਰਿਆ।

ਉਨ੍ਹਾਂ ਦੇ ਯੋਗਦਾਨ ਦੀ ਕਦਰ ਕਰਦਿਆਂ ਪੰਜਾਬ ਸਰਕਾਰ ਵੱਲੋਂ 1996 'ਚ ਮਿਲਿਆ “ਸ਼ਿਰੋਮਣੀ ਕਲਾਕਾਰ ਐਵਾਰਡ ” ਅਤੇ ਪੀ. ਟੀ. ਸੀ. ਪੰਜਾਬੀ ਵਲੋਂ 2018 'ਚ ਮਿਲਿਆ "ਲਾਈਫ ਟਾਈਮ ਅਚੀਵਮੈਂਟ ਐਵਾਰਡ" ਸਮੇਤ ਕਈ ਹੋਰ ਸਨਮਾਨ ਉਨ੍ਹਾਂ ਦੀ ਕਲਾ-ਸਾਧਨਾ ਦੀ ਗਵਾਹੀ ਦਿੰਦੇ ਹਨ।



ਨਾਟਕ ਮਿਰਜਾ ਸਾਹਿਬਾਂ 'ਚ ਆਪਣੇ ਸਾਥੀ ਕਲਾਕਾਰ ਅਨੁਪਮ ਖ਼ੈਰ ਨਾਲ ਸੁਨੀਤਾ ਧੀਰ।

“ਮਿਰਜ਼ਾ ਸਾਹਿਬਾਂ” ਨਾਟਕ ਨਾਲ 1975 ਵਿੱਚ ਸ਼ੁਰੂ ਹੋਇਆ ਇਹ ਰੰਗਮੰਚੀ ਸਫ਼ਰ ਅੱਜ ਤੱਕ ਅਟੱਲ ਜੋਸ਼ ਨਾਲ ਜਾਰੀ ਹੈ। ਡਾ. ਸੁਨੀਤਾ ਧੀਰ ਅਜੇ ਵੀ ਕਲਾ ਦੇ ਮੰਚ ਨਾਲ ਗਹਿਰਾਈ ਨਾਲ ਜੁੜੇ ਹੋਏ ਹਨ ਅਤੇ ਆਪਣੀ ਸਿਰਜਣਾਤਮਕ ਯਾਤਰਾ ਰਾਹੀਂ ਪੰਜਾਬੀ ਸੱਭਿਆਚਾਰ ਦੀ ਮਹਿਕ ਨੂੰ ਸੰਸਾਰ ਭਰ ਵਿੱਚ ਵੰਡ ਰਹੇ ਹਨ। ਉਨ੍ਹਾਂ ਦੀ ਜ਼ਿੰਦਗੀ ਸਿਰਫ਼ ਇਕ ਕਲਾਕਾਰ ਦੀ ਕਹਾਣੀ ਨਹੀਂ, ਸਗੋਂ ਅਟੱਲ ਹੌਸਲੇ, ਸਮਰਪਣ ਅਤੇ ਸਿਰ-ਜਣਾਤਮਕਤਾ ਦੀ ਇੱਕ ਜੀਵੰਤ ਪ੍ਰੇਰਣਾ ਹੈ—ਇੱਕ ਐਸੀ ਮਿਸਾਲ, ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਦਾ ਰਾਹ ਦਿਖਾਉਂਦੀ ਰਹੇਗੀ।



ਦੌੜਾਕ ਫੌਜਾ ਸਿੰਘ ਪਾਸੋਂ ਪੀ. ਟੀ. ਸੀ. ਲਾਈਫ ਟਾਈਮ ਅਚੀਵਮੈਂਟ ਐਵਾਰਡ ਲੈਂਦੇ ਹੋਏ ਸੁਨੀਤਾ ਧੀਰ।



**ਬਲਦੇਵ ਸਿੰਘ ਬੇਦੀ**
**ਜਲੰਧਰ**
**9041925181**

# ਸਿੱਖ ਮੰਚ ਦਾ ਸ਼ਿੰਗਾਰ ਤੇ ਪ੍ਰਤਿਭਾ ਦਾ ਪਹਾੜ – ਗਿਆਨੀ ਦਿੱਤ ਸਿੰਘ ਜੀ

**ਜਲੰਧਰ (ਚਰਨਜੀਤ ਸੱਲ੍ਹਾਂ )** ਗਿਆਨੀ ਦਿੱਤ ਸਿੰਘ ਜੀ ਦਾ ਜਨਮ 21 ਅਪ੍ਰੈਲ 1850 ਈ: ਨੂੰ ਸੰਤ ਦੀਵਾਨ ਸਿੰਘ ਜੀ ਦੇ ਘਰ,ਮਾਤਾ ਰਾਮ ਕੌਰ ਦੀ ਕੁੱਖੋਂ ਪਿੰਡ ਨੰਦਪੁਰ ਕਲੌੜ ਵਿਖੇ ਹੋਇਆ ਜਿਸਦਾ ਨਾਮ ਮਾਪਿਆਂ ਨੇ ਦਿੱਤਾ ਰਾਮ (ਜਾਂ) ਰਾਮ ਦਿੱਤਾ ਰੱਖਿਆ ।

ਗਿਆਨੀ ਦਿੱਤ ਸਿੰਘ ਜੀ ਨੇ 10 ਕੁ ਸਾਲਾਂ ਦੀ ਉਮਰ ਤੱਕ ਪਿਤਾ ਦੀਵਾਨ ਸਿੰਘ ਪਾਸੋਂ ਪੰਜ ਗ੍ਰੰਥੀ ਤੇ ਦਸ ਗ੍ਰੰਥੀ ਦੀ ਸੰਥਿਆ ਪ੍ਰਾਪਤ ਕੀਤੀ ਜੋ ਉਸ ਸਮੇਂ ਗੁਲਾਬ ਦਾਸੀਆਂ ਦੇ ਪ੍ਰਭਾਵ ਹੇਠ ਸਨ ।

ਆਪ ਜੀ ਕੁੱਝ ਸਮੇਂ ਲਈ ਆਪਣੇ ਪਿਤਾ ਦੇ ਗੁਰਭਾਈ ਭਾਗ ਸਿੰਘ ਬਡਾਲਾ ਕੋਲ ਖਰੜ ਰਹਿਣ ਲੱਗੇ ,ਇਥੇ ਥੋੜਾ ਚਿਰ ਠਹਿਰਣ ਤੋਂ ਬਾਅਦ ਭਾਗ ਸਿੰਘ ਜੀ ਨੇ ਗਿਆਨੀ ਦਿੱਤ ਸਿੰਘ ਜੀ ਨੂੰ ਪਿੰਡ ਤਿਉੜ (ਜਿਲ੍ਹਾ ਅੰਬਾਲਾ) ਦੇ 'ਗੁਲਾਬਦਾਸੀਏ' ਮੱਤ ਦੇ ਡੇਰੇ ਵਿੱਚ ਸੰਤ ਕੌਲ ਦਾਸ ਕੋਲ ਪੜਨ-ਲਿਖਣ ਲਈ ਛੱਡ ਦਿੱਤਾ।

ਏਥੇ ਹੀ ਆਪ ਜੀ ਦਾ ਮਿਲਾਪ ਸੰਤ ਗੁਰਬਖਸ਼ ਸਿੰਘ ( ਚਕਰਵਰਤੀ) ਜੀ ਨਾਲ ਹੋਇਆ।

1872 ਈ: ਨੂੰ ਸੰਤ ਭਾਗ ਸਿੰਘ ਨੇ ਆਪ ਜੀ ਦੀ ਲਿਆਕਤ ਤੋਂ ਪ੍ਰਭਾਵਿਤ ਹੁੰਦੇ ਹੋਏ ਤੇ ਆਪਣੇ ਭਾਈਚਾਰੇ ਤੋਂ ਬੇ-ਬਹਾਰਾ ਹੋ ਆਪਣੀ ਸੂਝਵਾਨ ਪੁੱਤਰੀ ਬਿਸ਼ਨ ਕੌਰ ਨਾਲ ਵਿਆਹ ਆਪ ਜੀ ਨਾਲ ਕਰਵਾ ਦਿੱਤਾ, ਸੰਤ ਕੌਲ ਦਾਸ ਜੀ ਨੇ ਇਸ ਵਿਆਹ ਦੀ ਰਸਮ ਨਿਭਾਈ ।

ਵਿਆਹ ਤੋਂ ਦਸ ਸਾਲ ਪਿੱਛੋਂ ਆਪ ਜੀ ਘਰ ਪੁੱਤਰ ਬਲਦੇਵ ਸਿੰਘ ਤੇ ਪੁੱਤਰੀ ਵਿਦਿਆਵੰਤ ਕੌਰ ਨੇ ਜਨਮ ਲਿਆ।

ਗਿਆਨੀ ਜੀ ਨੇ ਨਿਰਮਲੇ ਉਦਾਸੀ ਅਤੇ ਵਿਦਵਾਨ ਉਸਤਾਦਾਂ ਦੀ ਸੰਗਤ ਕਰਦਿਆਂ ਗੁਰਮੁਖੀ,ਫਾਰਸੀ,ਉਰਦੂ, ਸੰਸਕ੍ਰਿਤ,ਬ੍ਰਿਜ,ਆਦਿ ਭਾਸ਼ਾਵਾਂ ਦਾ ਬੋਧ ਹਾਸਲ ਕੀਤਾ । ਵੇਦਾਂਤ,ਵਿਆਕਰਣ ਅਤੇ ਪਿੰਗਲ ਆਦਿ ਗ੍ਰੰਥਾਂ ਦਾ ਅਧਿਐਨ ਕਰਨ ਉਪਰੰਤ, ਖੁੱਲੀ ਵੀਚਾਰ ਚਰਚਾ ਤੇ ਭਾਸ਼ਣ ਦੀ ਨਿਪੁੰਨ ਕਲਾ ਸਦਕਾ ਆਪ ਜੀ ਦੇ ਨਾਮ ਦੇ ਚਰਚੇ ਦੂਰ ਦੂਰ ਇਲਾਕਿਆਂ ਚੋਂ ਹੋਣ ਲੱਗ ਪਏ ।

ਭਾਂਵੇ ਆਪ ਜੀ ਅੱਠ-ਨੌ ਸਾਲ ਦੀ ਉਮਰ ਵਿੱਚ ਹੀ ਆਪਣੇ ਪਿਤਾ ਵਾਂਗ ਲੋਕਾਂ ਨੂੰ ਉਪਦੇਸ਼ ਕਰਨ ਲੱਗ ਪਏ ਸਨ ਪਰ ਵਿਦਿਆਵਾਨ ਅਤੇ ਸਰਬ ਗੁਣ ਸੰਪੰਨ ਮੰਨੇ ਜਾਂਦੇ ਸੰਤ ਦੇਸਾ ਸਿੰਘ ਜੀ " ਡੇਰਾ ਚੱਠਿਆਂਵਾਲਾ " ਲਾਹੌਰ, ਪਾਸ ਰਹਿ ਕੇ ਗਿਆਨ ਦੀ ਧਾਰ ਨੂੰ ਹੋਰ ਤਿੱਖਾ ਕੀਤਾ ਤੇ ਫਿਰ ਮੜ੍ਹੀ ਮਸਾਣੀ,ਸ਼ਰਾਧ ,ਸਖੀ ਸਰਵਰ, ਬਹੁ- ਅਵਤਾਰਵਾਦ ਆਦਿ ਨਾਵਾਂ ਤੇ ਹੁੰਦੀ ਪਖੰਡ ਪੂਜਾ ਦਾ ਡੱਟ ਕੇ ਵਿਰੋਧ ਕਰਦੇ ਰਹੇ ।

ਚਿਰ ਕਾਲ ਤੱਕ ਗਿਆਨੀ ਜੀ ਅਭੈਪੁਰ ਤਹਿਸੀਲ ਖਰੜ ਜ਼ਿਲ੍ਹਾ ਅੰਬਾਲਾ ਵਿੱਚ ਗੁਲਾਬ ਦਾਸੀਏ ਮੱਤ ਨੂੰ ਪ੍ਰਚਾਰਦੇ ਰਹੇ ,ਲਾਂਭੇ -ਚਾਂਭੇ ਪਿੰਡਾਂ ਦੇ ਲੋਕ ਇਹਨਾਂ ਨੂੰ ਸਾਧੂ ਮਹਾਤਮਾ ਦਾ ਰੂਪ ਜਾਣ " ਗੁਰੂ " ਸਮਝ ਪੂਜਦੇ ਰਹੇ।

ਬਾਰੂ ਨੰਬਰਦਾਰ (ਕੇਸਾਂ ਸਾਹਿਤ) ਸਮੁੰਦਾ ਕੇਸਾਂ ਰਹਿਤ ਆਪ ਜੀ ਦੇ ਦੋ ਪ੍ਰਸਿੱਧ ਚੇਲੇ ਹੋਏ ।


ਇਸ ਸਮੇਂ ਪਖੰਡ ਭਰਮ-ਜਾਲ ਅਤੇ ਗੁਰੂ ਡੰਮ ਤੋਂ ਹਿੰਦੂ ਧਰਮ ਨੂੰ ਬਚਾਉਣ ਲਈ ਸ਼ੁਰੂ ਕੀਤੀ ਆਰੀਆ ਸਮਾਜ ਲਹਿਰ ਪੂਰੇ ਜੋਬਨ ਤੇ ਚੱਲ ਰਹੀ ਸੀ, ਜਿਸ ਦਾ ਪ੍ਰਭਾਵ ਹੰਸ ਚੋਗ ਬੁੱਧੀ ਵਾਲੇ ਗੁਰਸਿੱਖਾਂ ਉੱਤੇ ਵੀ ਹੋਇਆ ਜੋ ਇਸ ਵਿੱਚ ਸ਼ਾਮਿਲ ਹੋ ਗਏ,ਪੰਜਾਬ ਵਿੱਚ ਇਸ ਦੇ ਮੁੱਖ ਕੇਂਦਰ ਜਲੰਧਰ ਅਤੇ ਅੰਮ੍ਰਿਤਸਰ ਵਿੱਚ ਬਣੇ। ਆਰੀਆ ਸਮਾਜ ( ਲਾਹੌਰ ) ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਵਾਲੇ ਉੱਘੇ ਸਿਖਾਂ ਵਿੱਚ ਭਾਈ ਜਵਾਹਰ ਸਿੰਘ ਡੀ,ਏ,ਵੀ ਸਕੂਲ( ਕਾਲਜ ) ਵਿੱਚ ਆਰੀਆ ਸਮਾਜ ਦੇ ਸੈਕਟਰੀ ਬਣੇ । ਭਾਵੇਂ ਇਸ ਲਹਿਰ ਦੇ ਵਿੱਚ ਦਲੀਲਾਂ ਦੀ ਕਸਵੱਟੀ ਦੇ ਨਾਲ ਪਰਖ ਨਿਬੇੜੇ ਕੀਤੇ ਜਾਂਦੇ ਸਨ ਪਰ ਫਿਰ ਵੀ ਬਾਰੀਕ ਬੁੱਧ ਵਾਲੇ ਗੁਰਸਿੱਖਾਂ ਦੇ ਕੁੱਝ ਕਾਰਨਾਂ ਕਰਕੇ ਇਸ ਲਹਿਰ ਨਾਲ ਵਿਚਾਰਕ ਮੱਤਭੇਦ ਵੀ ਰਹੇ।

ਆਰੀਆ ਸਮਾਜ ਲਹਿਰ ਵੱਲ ਸਿੱਖਾਂ ਦੇ ਝੁਕਾਆ ਦਾ ਇੱਕ ਕਾਰਨ ਇਹ ਵੀ ਸੀ, ਕਿ ਉਹਨਾਂ ਦੀ ਹਰ ਸਭਾ ਦਾ ਆਰੰਭ ਗੁਰਬਾਣੀ ਕੀਰਤਨ ਨਾਲ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਲਾਜ਼ਮੀ ਹੁੰਦਾ ਸੀ,ਜਿਸਨੂੰ ਜਨ ਸਧਾਰਨ ਤਬਕਾ ਅਤੇ ਬੁੱਧੀਜੀਵੀ ਵਰਗ ਸਾਂਝੀ ਸਮਾਜ ਸੁਧਾਰਕ ਸਟੇਜ ਹੀ ਸਮਝਦੇ ਸਨ।

ਪਖੰਡਵਾਦ ਅਤੇ ਭਰਮ ਪੂਜਾ ਦੇ ਉਲਟ ਸ਼ੁਰੂ ਹੋਈ ਇਸ ਲਹਿਰ ਦੇ ਪ੍ਰਚਾਰਕ ਸਿੱਧੇ ਅਸਿੱਧੇ ਰੂਪ ਦੇ ਵਿੱਚ ਸਿੱਖ ਸਿਧਾਂਤਾਂ ਦੀ ਖਿੱਲੀ ਉਡਾਉਂਣ ਲੱਗ ਪਏ,

" ਸਤਿਆਰਥ ਪ੍ਰਕਾਸ਼ "ਵਿੱਚ ਸਾਧੂ ਦਇਆਨੰਦ ਵੱਲੋਂ ਗੁਰੂ ਸਾਹਿਬਾਨ ਦੇ ਖਿਲਾਫ ਲਿਖੇ ਕੌੜੇ ਸ਼ਬਦ ਸਿੱਖਾਂ ਨੂੰ ਕਣ ਵਾਂਗ ਰੜਕਣ ਲੱਗ ਪਏ ।

ਅਜਿਹੇ ਮਤਭੇਦਾਂ ਦੇ ਚਲਦੇ ਗਿਆਨੀ




ਦਿੱਤ ਸਿੰਘ ਜੀ ਨੇ ਸਾਧੂ ਦਇਆ ਨੰਦ ਜੀ ਨੂੰ ਤਿੰਨ ਵਾਰ ਵਿਚਾਰ ਚਰਚਾ ਦੇ ਵਿੱਚ ਨਿਰ-ਉੱਤਰ ਕੀਤਾ,ਭਾਂਵੇ ਕਿ ਆਪ ਜੀ ਉਸ ਸਮੇਂ ਸਿੰਘ ਸਭੀਏ ਨਹੀਂ ਸਨ ਪਰ ਬੁੱਧੀਜੀਵੀ ਵਰਗ ਨੇ ਇਸ ਕਾਰਜ ਦੀ ਭਰਪੂਰ ਸ਼ਲਾਘਾ ਕੀਤੀ ।

25 ਨਵੰਬਰ 1888 ਈ: ਨੂੰ ਆਰੀਆ ਸਮਾਜ ਦਾ ਗਿਆਰਵਾਂ ਸਮਾਗਮ ਲਾਹੌਰ ਵਿੱਚ ਹੋਇਆ,ਜਿੱਥੇ ਲਾਲਾ ਮੁਰਲੀਧਰ ਅਤੇ ਆਰੀਆ ਸਮਾਜ ਦੇ ਮੁੱਖ ਬੁਲਾਰੇ ਵੱਲੋਂ ਸਾਧੂ ਦਯਾ ਨੰਦ ਦੇ ਲਿਖੇ ਸ਼ਬਦਾਂ ਨੂੰ ਜਾਇਜ਼ ਠਹਿਰਾਉਂਦੇ ਹੋਏ ਸਿੱਖ ਗੁਰੂ ਸਾਹਿਬਾਨ ਵਿਰੁੱਧ ਨਜਾਇਜ਼ ਭੰਡੀ ਪ੍ਰਚਾਰ ਕੀਤਾ ਤੇ ਹਿੰਦੂ ਸਿੱਖਾਂ ਦੀ ਸਾਂਝ ਦੀਆਂ ਤੰਦਾਂ ਕੱਟ ਸੁੱਟੀਆਂ,ਭਾਈ ਜਵਾਹਰ ਸਿੰਘ ਤੇ ਕੁੱਝ ਹੋਰ ਸਿੱਖ ,ਸਮੇਤ ਗਿਆਨੀ ਦਿੱਤ ਸਿੰਘ ਜੀ ਇਸ ਸਮਾਗਮ ਵਿੱਚੋਂ ਉੱਠ ਕੇ ਆ ਗਏ ਅਤੇ ਪੱਕੇ ਤੌਰ ਤੇ ਆਰੀਆ ਸਮਾਜ ਲਹਿਰ ਨੂੰ ਛੱਡ ਦੇਣ ਦਾ ਐਲਾਨ ਕੀਤਾ।

ਗੁਲਾਬਦਾਸੀਆਂ ਦੇ ਡੇਰੇ ਵਿਚ ਹੀ ਗਿਆਨੀ ਜੀ ਦਾ ਮਿਲਾਪ ਸਿੱਖ ਵਿਦਵਾਨ ਪ੍ਰੋਫੈਸਰ ਗੁਰਮੁਖ ਸਿੰਘ ਜੀ ਨਾਲ ਹੋਇਆ ਸੀ, ਜੋ ਆਪ ਜੀ ਦੀ ਲਿਆਕਤ ਤੋਂ ਚੋਖੇ ਪ੍ਰਭਾਵਿਤ ਹੋਏ ਤੇ ਗਿਆਨੀ ਕਰਨ ਲਈ ਹੋਰ ਪੜਾਈ ਸਬੰਧੀ ਪ੍ਰੇਰਿਆ।

ਗਿਆਨੀ ਜੀ ਨੇ ਓਰੀਐਂਟਲ ਲਾਹੌਰ ਕਾਲਜ ਤੋਂ ਪਹਿਲੇ ਸਾਲ ਵਿੱਚ ਇਹ ਇਮਤਿਹਾਨ ਪਾਸ ਕਰ ਲਿਆ ਅਤੇ ਬਾਅਦ ਚ ਆਪਣੀ ਯੋਗਤਾ ਦੇ ਆਧਾਰ ਉੱਤੇ ਓਰੀਐਂਟਲ ਕਾਲਜ ਲਾਹੌਰ ਦੇ ਪੰਜਾਬੀ ਦੇ ਪ੍ਰੋਫੈਸਰ ਨਿਯਤ ਕੀਤੇ ਗਏ।

ਪ੍ਰੋਫੈਸਰ ਗੁਰਮੁਖ ਸਿੰਘ ਜੀ ਦੇ ਪਰ-ਉਪਕਾਰ ਸਦਕਾ ਆਪ ਜੀ ਸਾਧੂ ਦਇਆ ਰਾਮ ਤੋਂ ਖੰਡੇ ਦੀ ਪਾਹੁਲ ਪ੍ਰਾਪਤ ਕਰ ਗਿਆਨੀ ਦਿੱਤ ਸਿੰਘ ਜੀ ਦੇ ਰੂਪ ਵਿੱਚ ਉਘੜ ਕੇ ਸਿੱਖ ਮੰਚ ਦਾ ਸ਼ਿੰਗਾਰ ਬਣੇ ।

ਇਸਾਈ ਮਿਸ਼ਨਰੀਆਂ ਦੇ ਪ੍ਰਭਾਵ ਹੇਠ ਚਾਰ ਸਿੱਖ ਵਿਦਿਆਰਥੀਆਂ ਵੱਲੋਂ ਧਰਮ ਪਰਿਵਰਤਨ ਕਰਨ ਦੇ ਰੋਸ ਵਜੋਂ 1873 ਈ : ਸਿੰਘ ਸਭਾ ਲਹਿਰ ਅੰਮ੍ਰਿਤਸਰ ਬਣੀ, ਜਿਸਦੇ ਪਹਿਲੇ ਮੁੱਖੀ ਸ੍ਰ: ਠਾਕੁਰ ਸਿੰਘ ਸੰਧਾਵਾਲੀਆ, ਖੇਮ ਸਿੰਘ ਬੇਦੀ ਤੇ ਕੰਵਰ ਬਿਕਰਮ ਕਪੂਰਥਲਾ ਮੁਖੀਆਂ ਵਜੋਂ ਦੂਜੇ ਨਾਮ ਆਉਂਦੇ ਹਨ।

ਇਸ ਮੌਕੇ ਪ੍ਰੋਫੈਸਰ ਗੁਰਮੁਖ ਸਿੰਘ ਜੀ ਨੇ ਸ੍ਰ: ਖੇਮ ਸਿੰਘ ਬੇਦੀ ਸਿੰਘ ਸਭਾ ਲਹਿਰ ਅੰਮ੍ਰਿਤਸਰ ਦੇ ਪ੍ਰਧਾਨ ਤੇ ਕੁਝ ਹੋਰ ਸਿੱਖਾਂ ਤੇ ਸਨਾਤਨੀ ਪ੍ਰਭਾਵ ਤੋਂ ਗਿਆਨੀ ਦਿੱਤ ਸਿੰਘ ਜੀ ਤੇ ਭਾਈ ਜਵਾਹਰ ਸਿੰਘ ਜੀ ਨੂੰ ਜਾਣੂ ਕਰਵਾਇਆ ਅਤੇ 1879 ਈ: ਨੂੰ ਵੱਖਰੀ ਸਿੰਘ ਸਭਾ ਲਾਹੌਰ ਬਣਾਈ,ਜਿਸ ਵਿੱਚ ਆਪ ਜੀ ਨੇ ਸਾਥੀ ਭਾਈ ਜਵਾਹਰ ਸਿੰਘ ਜੀ ਗੁਲਾਬਦਾਸੀਏ ਸਮੇਤ ਰੱਜ ਕੇ ਪੰਥ ਦੀ ਸੇਵਾ ਕੀਤੀ। ਸਿੱਖ ਪੰਥ ਦੀਆਂ ਦਰਪੇਸ਼ ਚੁਣੌਤੀਆਂ ਦੇ ਲਈ ਸਿਰਤੋੜ ਯਤਨ ਕਰਨ ਵਾਲੇ ਸਿੰਘ ਸਭੀਏ ਗਿਆਨੀ ਦਿੱਤ ਸਿੰਘ ਜੀ ਜਦੋਂ ਖਾਲਸਾ ਅਖਬਾਰ ਦੇ ਐਡੀਟਰ ਬਣੇ ਤਾਂ ਆਪ ਜੀ ਨੇ ਇਸਾਈ ਮਿਸ਼ਨ ਦੀ ਅਸਲੀਅਤ ਲੋਕਾਂ ਸਾਹਮਣੇ ਉਘਾੜ ਕੇ ਲਿਆਂਦੀ,ਆਪ ਜੀ ਨੇ ਆਪਣੀਆਂ ਲਿਖਤਾਂ ਰਾਹੀਂ ਸਿੱਖਾਂ ਉੱਤੇ ਹੋਰ ਚੌਤਰਫੀ ਹਮਲਿਆਂ ਨੂੰ ਠੱਲ੍ਹ ਪਾਈ ਜੋ ਓਨੀ ਦਿਨੀਂ ਸੌਖਾ ਕਾਰਜ ਨਹੀਂ ਸੀ।

ਰਈਸ ਸਿੱਖ ਸ੍ਰ: ਦਿਆਲ ਸਿੰਘ ਮਜੀਠੀਆ ਦੇ ਯੋਗਦਾਨ ਸਦਕਾ ਸਿੱਖ ਧਰਮ ਦੇ ਪ੍ਰਚਾਰ ਹਿੱਤ ਟ੍ਰਿਬਿਊਨ ਅਖਬਾਰ,ਦਿਆਲ ਸਿੰਘ ਕਾਲਜ ,ਦਿਆਲ ਸਿੰਘ ਲਾਇਬ੍ਰੇਰੀ ਆਦਿ ਸਿੱਖ ਅਦਾਰੇ ਖੋਲੇ ਅਤੇ ਸਿੱਖਾਂ ਦੇ ਵਿਦਿਅਕ ਪੱਖ ਨੂੰ ਮਜ਼ਬੂਤ ਕਰਨ ਲਈ ਖਾਲਸਾ ਅਖਬਾਰ ,ਖਾਲਸਾ ਕਾਲਜ ਤੇ ਸਿੱਖ ਸੰਸਥਾਵਾਂ ਅਰੰਭ ਕਰਨ ਦੀ ਚਰਚਾ ਚਲਾਈ ।

ਗੁਰਮਤਿ ਦੇ ਨਿਰੋਲ ਪ੍ਰਚਾਰ ਹਿੱਤ ਭਾਸ਼ਣ, ਗੋਸ਼ਟੀਆਂ, ਪੁਸਤਕਾਂ, ਰਸਾਲਿਆਂ,ਸਿੱਖ ਸੰਸਥਾਵਾਂ ਤੇ ਸਭਾਵਾਂ ਦੇ ਰੂਪ ਦੇ ਵਿੱਚ ਆਪ ਜੀ ਸਿੰਘ ਸਭਾ ਲਹਿਰ ਦੇ ਧੜਕਦੇ ਅੰਗ ਵਜੋਂ ਜਾਣੇ ਜਾਂਦੇ ਰਹੇ ।

ਇੱਕ ਤੱਥ ਮੁਤਾਬਕ ਗਿਆਨੀ ਜੀ 70 ਤੋਂ ਵਧੇਰੇ ਕਿਤਾਬਾਂ ਲਿਖੀਆਂ ਜਿੰਨਾਂ ਵਿੱਚੋਂ - ਸਾਧੂ ਦਇਆ ਨੰਦ ਤੇ ਮੇਰਾ ਸੰਬਾਦ, ਗੁੱਗਾ ਗਪੌੜਾ, ਸੁਲਤਾਨ ਪੁਆੜਾ, ਨਕਲੀ ਸਿਖ ਪ੍ਰਬੋਧ,ਦੁਰਗਾ ਪ੍ਰਬੋਧ, ਕਲੀ ਸਿੱਖ ਪ੍ਰਬੋਧ , ਅੰਤਮ ਪ੍ਰਬੋਧ,ਦਲੇਰ ਸਿੰਘ, ਡਰਪੋਕ ਸਿੰਘ, ਅਬਲਾ ਨਾਰੀ, ਆਦਿ ਕਾਫੀ ਕਿਤਾਬਾਂ ਚਰਚਾ ਵਿੱਚ ਹਨ।

ਇਸ ਲਹਿਰ ਦੇ ਰੂਹੇ-ਰਵਾਂ ਪ੍ਰੋਫੈਸਰ ਗੁਰਮੁਖ ਸਿੰਘ ਜੀ ਅਤੇ ਭਾਈ ਜਵਾਹਰ ਸਿੰਘ ਜੀ ਸਮੇਤ ਕੁਝ ਹੋਰ ਸਿੱਖਾਂ ਨੇ ਸਰਕਾਰ ਤੋਂ ਗੁਰਪੁਰਬਾਂ ਦੀਆਂ ਛੁੱਟੀਆਂ ਕਰਵਾਈਆਂ ਤੇ ਅਨੇਕ ਹੋਰ ਲਾਹੇਵੰਦ ਮੰਗਾਂ-ਥੁੜਾਂ ਦੀ ਪੂਰਤੀ ਲਈ ਸਦਾ ਯਤਨਸ਼ੀਲ ਰਹੇ । ਖਾਲਸਾਈ ਨਿਆਰੇ ਸਿਧਾਂਤਾਂ ਨੂੰ ਪ੍ਰਚਾਰਨ ਅਤੇ ਸਿੱਖ ਧਰਮ ਦੀ ਨਿਆਰੀ ਹੋਂਦ ਨੂੰ ਮੁੜ ਸਥਾਪਿਤ ਕਰਨ ਦੇ ਲਈ ਗਿਆਨੀ ਦਿੱਤ ਸਿੰਘ ਜੀ ਦਿਨ ਰਾਤ 20 ਸਾਲ ਤੱਕ ਜੂਝਦੇ ਰਹੇ ।

ਅੰਗਰੇਜ਼ ਲਿਖਾਰੀ ਮੈਕਸ ਆਰਥਰ ਮੈਕਾਲਿਫ਼ ਵੱਲੋਂ ਗੁਰਬਾਣੀ ਟੀਕਾ ਅਤੇ ਸਿੱਖ ਇਤਿਹਾਸ ਦੀ ਵਾਕਫ਼ੀਅਤ ਲਈ ਮਦਦ ਸਬੰਧੀ" ਸਿੱਖ ਰਿਲੀਜਨ " ਦੇ ਆਰੰਭ ਵਿੱਚ ਪੰਜ ਵਿਦਵਾਨਾਂ ਦੇ ਚਿੱਤਰ ਦਿੱਤੇ ਗਏ ਹਨ ਜਿੰਨ੍ਹਾਂ ਵਿੱਚੋਂ ਇੱਕ ਨਾਮ ਗਿਆਨੀ ਦਿੱਤ ਸਿੰਘ ਜੀ ਦਾ ਵੀ ਹੈ।

ਗਿਆਨੀ ਦਿੱਤ ਸਿੰਘ ਜੀ ਭਾਵੇਂ ਓਰੀਐਂਟਲ ਕਾਲਜ ਵਿੱਚ ਪੰਜਾਬੀ ਦੇ ਪ੍ਰੋਫੈਸਰ ਸਨ,ਜਿੱਥੋਂ ਮਿਲਦੀ ਤਨਖਾਹ ਨਾਲ ਗੁਜ਼ਾਰਾ ਤਾਂ ਠੀਕ ਚੱਲਦਾ ਸੀ ਪਰ ਖਾਲਸਾ ਅਖਬਾਰ ਵਿੱਚ ਛਪੇ ਇੱਕ ਨਾਟਕ ( ਰਾਜ ਪ੍ਰਬੋਧ ) ਦਾ ਕਰਕੇ 1887 ਈ: ਵਿੱਚ ਆਪ ਜੀ ਦੇ ਉੱਤੇ ਵਿਰੋਧੀਆਂ ਵੱਲੋਂ ਮਾਣਹਾਨੀ ਦਾ ਮੁਕਦਮਾ ਚਲਾਇਆ ਗਿਆ।

ਹੈਰਾਨੀ ਦੀ ਗੱਲ ਵੇਖੋ, ਇਕ ਅਛੂਤ ਸਮਝੀ ਜਾਣ ਵਾਲੀ ਨੀਵੀਂ ਜਾਤੀ ਵਿੱਚ ਜਨਮੇ ਗਿਆਨੀ ਦਿੱਤ ਸਿੰਘ ਜੀ ਨੇ ਇਸ ਤਰਾਂ ਦੀ ਯੋਗਤਾ ਹਾਸਲ ਕੀਤੀ ਕਿ ਵੱਡੇ- ਵੱਡੇ ਪੰਡਤਾਂ ਦੇ ਮੂੰਹ ਵਿਚ ਉਂਗਲਾਂ ਪਵਾ ਦਿੱਤੀਆਂ ਤੇ ਐਸੀ ਕਰਾਮਾਤ ਕਰ ਵਿਖਾਈ ਕਿ ਪੁਰਾਣ ਪੰਥੀਆਂ ਨੂੰ ਭਾਜੜਾਂ ਪੈ ਗਈਆਂ।

ਸ੍ਰ: ਖੇਮ ਸਿੰਘ ਬੇਦੀ ਅਤੇ ਇਹਨਾਂ ਦੇ ਸਾਥੀਆਂ ਨੇ ਆਪ ਜੀ ਨੂੰ ਚੁਮਾਰ ਅਤੇ ਪ੍ਰੋ. ਗੁਰਮੁਖ ਸਿੰਘ ਲਾਂਗਰੀ ਦਾ ਪੁੱਤ ਕਹਿਕੇ ਜਲੀਲ ਕੀਤਾ ਜਾਣ ਲੱਗ ਪਿਆ,ਫਿਰ ਨੀਵੀਂ ਜਾਤ ਦਾ ਮੁੱਦਾ ਬਣਾਕੇ ਮਾਨਸਿਕ ਤੌਰ ਤੇ ਜ਼ਲੀਲ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਤੇ ਅਖੀਰ ਗਿਆਨੀ ਜੀ ਦੇ ਗੁਰਦੁਆਰਿਆਂ ਵਿੱਚ ਕੀਤੇ ਜਾਂਦੇ ਪ੍ਰਚਾਰ ਉਤੇ ਪਾਬੰਦੀ ਲਾ ਦਿੱਤੀ ।

ਆਰਥਿਕ ਮੰਦਹਾਲੀ ਦੇ ਇਸ ਦੌਰ ਵਿੱਚ ਕੁਝ ਪੰਥ ਦਰਦੀ ਸਿੱਖਾਂ ਨੇ ਆਪ ਜੀ ਦਾ ਭਰਪੂਰ ਸਹਿਯੋਗ ਕੀਤਾ ਪਰ ਖਾਲਸਾ ਅਖਬਾਰ ਬੰਦ ਹੋਣ ਕਰਕੇ ਗਿਆਨੀ ਜੀ ਨੂੰ ਮੰਦੇ ਦਿਨ ਦੇਖਣੇ ਪੈ ਗਏ ।

ਆਪ ਜੀ ਨੇ ਮੁਕੱਦਮਾ ਝੱਲਣ ਪਿੱਛੋਂ ਮੁੜ ਦੁਬਾਰਾ 1893 ਈ: ਵਿੱਚ ਖਾਲਸਾ ਅਖਬਾਰ ਸ਼ੁਰੂ ਕੀਤਾ ਜੋ ਕਿਸੇ ਸਾਧਾਰਨ ਸਾਹਸ ਵਾਲੇ ਵਿਅਕਤੀ ਦਾ ਕੰਮ ਨਹੀਂ ਸੀ । ਇਸ ਅਖਬਾਰ ਦੀਆਂ ਲੇਖ ਲੜੀਆਂ ਨੇ ਬਾਅਦ ਵਿੱਚ ਪੁਸਤਕਾਂ ਦਾ ਰੂਪ ਧਾਰਨ ਕੀਤਾ ਅਤੇ ਖਾਲਸਾ ਪੰਥ ਦੀ ਯੋਜਨਾਬੱਧ ਉਸਾਰੀ ਤੇ ਗਿਆਨ ਦੇ ਵਾਧੇ ਲਈ ਸ਼ਲਾਘਾਯੋਗ ਭੂਮਿਕਾ ਨਿਭਾਈ।

ਸੁੱਤੀਆਂ ਕਲਾ ਜਗ੍ਹਾ ਕੁਰਾਹੇ ਪਈ ਕੌਮ ਨੂੰ ਝੰਜੋੜਨ ਵਾਲੇ ਸਿੱਖ ਮੰਚ ਦਾ ਸਿੰਗਾਰ ਤੇ ਪ੍ਰਤਿਭਾ ਦਾ ਪਹਾੜ ਗਿਆਨੀ ਦਿੱਤ ਸਿੰਘ ਜੀ 1900 ਈ: ਵਿੱਚ ਸਿਹਤ ਪੱਖੋਂ ਢਿੱਲੇ ਰਹਿਣ ਦੇ ਬਾਵਜੂਦ ਵੀ ਧਾਰਮਿਕ ਸਮਾਗਮਾਂ ਵਿਚ ਵਧ ਚੜ੍ਹਕੇ ਹਿੱਸਾ ਲੈਂਦੇ ਰਹੇ।

ਜੂਨ 1901 ਈ: ਨੂੰ ਆਪ ਜੀ ਦੀ ਸਪੁੱਤਰੀ ਵਿੱਦਿਆਵੰਤ ਕੌਰ ਦੀ ਮੌਤ ਹੋ ਗਈ, ਜਿਸ ਨਾਲ ਗਿਆਨੀ ਜੀ ਨੂੰ ਗਹਿਰਾ ਸਦਮਾ ਲੱਗਿਆ ਤੇ ਅੰਤ 6 ਸਤੰਬਰ 1901 ਨੂੰ 51 ਸਾਲ ਦੀ ਉਮਰੇ ਸਦਾ ਵਾਸਤੇ ਇਸ ਦੁਨੀਆਂ ਤੋਂ ਰੁਖ਼ਸਤ ਹੋ ਤੁਰੇ। ਆਪ ਜੀ ਤੋਂ ਪਹਿਲਾਂ 1894 ਈ: ਖਾਲਸਾ ਦੀਵਾਨ ਦੇ ਮੋਢੀ ਸ੍ਰ.ਅਤਰ ਸਿੰਘ ਜੀ ਭਦੌੜ ਵਾਲੇ ਅਤੇ ਫਿਰ 1898 ਈ: ਵਿੱਚ ਪ੍ਰੋਫੈਸਰ ਗੁਰਮੁਖ ਜੀ ਇਸ ਸੰਸਾਰ ਤੋਂ ਚੱਲ ਵੱਸੇ, ਜਿੰਨਾ ਦੇ ਤੁਰ ਜਾਣ ਨਾਲ ਸਮੁੱਚੀ ਕੌਮ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ।

**ਨਿਰਮਲ ਸਿੰਘ ਸੁਰ ਸਿੰਘ**
**9888520250**



# AMBEDKAR INTERNATIONAL MISSION, LONDON

***Pays Homage to***

## THE GREAT DR BABASAHEB AMBEDKAR

***On the occasion of his 135th Birth Anniversary***

Sunday, 10th May, 2026 From 2 pm (sharp) until 6 pm
At Elmhurst School, Upton Park Road, London, E7 8JY

Sir Stephen Timms MP, Minister of State (Department for Work and Pensions) will be in attendance from 3 pm

The Indian Hign Commission, the Mayor of Newham, and local dignitaries are invited



### HONORARY GUEST

Gaurav J. Pathania is Assistant Professor of Sociology & Peacebuilding at Eastern Mennonite University, Virginia. He is an Ambedkar'ite scholar, activist, poet and a community organiser in the USA.

### SPECIAL TRIBUTE

Special tributes will be paid to Mr. Prem Chand Mann, Mr. Hari Ram Leal and Mr. Gurdial Chand Banger, who all passed away recently. A great loss to the Mission.

**All are cordially invited along with family, friends and relatives**

### Cultural Entertainment

Bhai Tejinder Singh Lallianwale and Giani Onkar Singh
Speeches and Poetry

Lunch (*Langar*) will be strictly served between 12 noon - 1:30 pm only
Mr. Prem Chand Mann's family will provide *Langar* in honour, respect and in memory of Mr. Prem Chand Mann.

### Transport and Parking

- Nearest Underground: Upton Park, District, Hammersmith and City lines.
- The venue is 10 minutes' walk from Upton Park Underground Station
- Free parking at Elmhurst Primary School

Contact:
Tel. 07751-668926

# CELEBRATING AMBEDKAR'S 135TH BIRTHDAY AS *Equality day*

**"I measure the progress of a community by degree of progress which women have achieved. "**
Dr B.R. Ambedkar

**APRIL 26TH, 2026**

1:30 PM - 5:30 PM

The Centenary Hall, Kempston
104 Bedford Rd, MK42 8BG

**Organised By:**


AMBEDKAR MISSION SOCIETY, BEDFORD (+44 07721935138)

**Supported By:**

SRI GURU RAVIDASS SABHA, BEDFORD

NIRANKARI SATSANG BHAWAN, BEDFORD

BHAGWAN VALMIK SABHA, BEDFORD



Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com